**Watch**
**PUNJAB MAIL USA**
**TV Channel**
*On IP box, App, Website*
**For Advertisement**
**916-320-9444**

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
**Punjab Mail USA**




**Vol. 17, Issue- 742, 23 to 29 Mar. 2023, Ph: 916-320-9444, E-mail: punjabmailusa@yahoo.com, Web: punjabmailusa.com**

# ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਹਵਾਈ ਅੱਡਿਆਂ ਅਤੇ ਸਰਹੱਦਾਂ 'ਤੇ ਅਲਰਟ ਜਾਰੀ

### ■ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਹਵਾਈ ਅੱਡਿਆਂ 'ਤੇ ਭੇਜੀਆਂ ਗਈਆਂ

**ਜਲੰਧਰ, (ਪੰਜਾਬ ਮੇਲ)-** 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਹਵਾਈ



ਅੱਡਿਆਂ ਅਤੇ ਸਰਹੱਦਾਂ 'ਤੇ ਸੁਰੱਖਿਆ ਏਜੰਸੀਆਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦੀਆਂ ਏਜੰਸੀਆਂ ਨੇ ਇਸ ਸਬੰਧੀ ਕਦਮ ਚੁੱਕਦਿਆਂ ਅੰਤਰਰਾਸ਼ਟਰੀ ਹਵਾਈ ਅੱਡਿਆਂ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹਾਈ ਅਲਰਟ ਕੀਤਾ ਹੈ।

ਜਾਣਕਾਰੀ ਅਨੁਸਾਰ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਹਵਾਈ ਅੱਡਿਆਂ 'ਤੇ ਭੇਜੀਆਂ ਗਈਆਂ ਹਨ। ਅੰਮ੍ਰਿਤਪਾਲ ਸਿੰਘ ਨੂੰ ਵਿਦੇਸ਼ ਭੱਜਣ ਤੋਂ ਰੋਕਣ ਦੇ ਮਕਸਦ ਨਾਲ ਇਹ ਕਦਮ ਚੁੱਕਿਆ ਗਿਆ ਹੈ। ਸੁਰੱਖਿਆ ਏਜੰਸੀਆਂ ਨੂੰ ਇਹ ਵੀ ਸ਼ੱਕ ਹੈ ਕਿ ਅੰਮ੍ਰਿਤਪਾਲ ਸਿੰਘ ਭਾਰਤ-ਨੇਪਾਲ ਸਰਹੱਦ ਜਾਂ ਪੰਜਾਬ 'ਚ ਕੌਮਾਂਤਰੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ।

## ਅੰਮ੍ਰਿਤਪਾਲ ਦੀ ਰਿਹਾਈ ਨੂੰ ਲੈ ਕੇ ਸਾਨ ਫਰਾਂਸਿਸਕੋ 'ਚ ਭਾਰਤੀ ਦੂਤਾਵਾਸ 'ਤੇ ਹਮਲਾ

**ਵਾਸ਼ਿੰਗਟਨ, (ਪੰਜਾਬ ਮੇਲ)-** ਖਾਲਿਸਤਾਨੀ ਪੱਖੀ ਸਮਰਥਕਾਂ ਦੇ ਇਕ ਗਰੁੱਪ ਨੇ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ 'ਚ ਭਾਰਤੀ ਦੂਤਾਵਾਸ ਉਤੇ ਹਮਲਾ ਕਰ ਦਿੱਤਾ ਤੇ ਇਸ ਨੂੰ ਨੁਕਸਾਨ ਪਹੁੰਚਾਇਆ। ਭਾਰਤ ਨੇ ਘਟਨਾ ਦੀ ਨਿਖੇਧੀ ਕਰਦਿਆਂ ਅਮਰੀਕਾ ਨੂੰ ਕਿਹਾ ਹੈ ਕਿ ਉਹ ਅਜਿਹੀਆਂ ਵਾਰਦਾਤਾਂ ਨੂੰ ਮੁੜ ਤੋਂ ਨਾ ਹੋਣ ਦੇਣ ਲਈ ਢੁੱਕਵੇਂ ਕਦਮ ਚੁੱਕਣ। ਭਾਰਤੀ ਭਾਈਚਾਰੇ ਨਾਲ ਸਬੰਧਤ ਇਕ ਸੰਗਠਨ 'ਐੱਫ.ਆਈ.ਆਈ.ਡੀ.ਐੱਸ.' ਨੇ ਕਿਹਾ ਕਿ ਲੰਡਨ ਤੇ ਸਾਨ ਫਰਾਂਸਿਸਕੋ ਵਿਚ ਵਾਪਰੀਆਂ ਘਟਨਾਵਾਂ ਕਾਨੂੰਨ-ਵਿਵਸਥਾ ਦੀ ਪੂਰੀ ਤਰ੍ਹਾਂ ਨਾਕਾਮੀ ਨੂੰ ਦਰਸਾਉਂਦੀਆਂ ਹਨ, ਜਿੱਥੇ ਕੁਝ ਵੱਖਵਾਦੀ ਕੱਟੜਵਾਦੀਆਂ ਨੇ ਭਾਰਤੀ ਕੂਟਨੀਤਿਕ ਮਿਸ਼ਨਾਂ ਉਤੇ ਹਮਲਾ ਕੀਤਾ ਹੈ। ਸੰਗਠਨ ਨੇ ਕਿਹਾ ਕਿ ਯੂ.ਕੇ. ਤੇ ਅਮਰੀਕਾ ਕੂਟਨੀਤਕ ਮਿਸ਼ਨਾਂ ਦੀ ਸੁਰੱਖਿਆ ਲਈ ਵਿਆਨਾ ਸਮਝੌਤੇ ਵਿਚ ਜ਼ਾਹਿਰ ਵਚਨਬੱਧਤਾ ਨੂੰ ਪੂਰੀ ਕਰਨ ਵਿਚ ਨਾਕਾਮ ਹੋਏ ਹਨ। ਵੇਰਵਿਆਂ ਮੁਤਾਬਕ ਸਾਨ ਫਰਾਂਸਿਸਕੋ ਵਿਚ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕਰਦੇ ਹੋਏ ਮੁਜ਼ਾਹਰਾਕਾਰੀ ਆਰਜ਼ੀ ਸੁਰੱਖਿਆ ਨਾਕੇ ਤੋੜ ਕੇ ਦੂਤਾਵਾਸ ਦੇ ਨੇੜੇ ਪਹੁੰਚ ਗਏ ਤੇ ਕੌਂਸਲੇਟ ਦੇ ਅੰਦਰ ਦੋ ਅਖੌਤੀ ਖਾਲਿਸਤਾਨੀ ਝੰਡੇ ਲਾ ਦਿੱਤੇ। ਕੌਂਸਲੇਟ ਦੇ ਦੋ ਕਰਮੀਆਂ ਨੇ ਮਗਰੋਂ ਜਲਦੀ ਝੰਡੇ ਉਤਾਰ ਦਿੱਤੇ।

# ਅਮਰੀਕਨ ਸਿੱਖ ਕਾਕਸ ਵੱਲੋਂ ਪੰਜਾਬ ਦੇ ਹਾਲਾਤਾਂ ਸੰਬੰਧੀ ਅਮਰੀਕੀ ਅਧਿਕਾਰੀ ਨੂੰ ਲਿਖਿਆ ਪੱਤਰ



ਡਾ. ਪ੍ਰਿਤਪਾਲ ਸਿੰਘ
ਕੋਆਰਡੀਨੇਟਰ, ਏਜੀਪੀਸੀ

### ■ ਭਾਰਤ 'ਚ ਸਿੱਖ ਭਾਈਚਾਰੇ ਵਿਰੁੱਧ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੱਲ ਦਿਵਾਇਆ ਧਿਆਨ

**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਨ ਸਿੱਖ ਕਾਕਸ ਕਮੇਟੀ ਨੇ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਭਾਈ ਅੰਮ੍ਰਿਤਪਾਲ ਸਿੰਘ ਬਾਰੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਕਾਕਸ ਦੇ ਚੇਅਰਮੈਨ ਡਾ. ਪ੍ਰਿਤਪਾਲ ਸਿੰਘ ਨੇ ਇਹ ਮਾਮਲਾ ਵਿਦੇਸ਼ ਵਿਭਾਗ ਕੋਲ ਉਠਾਉਣ ਲਈ ਸਿੱਖ ਕਾਕਸ ਦੇ ਵੱਖ-ਵੱਖ ਆਗੂਆਂ ਨੂੰ ਚਿੱਠੀਆਂ ਲਿਖ ਕੇ ਇਸ ਵੱਲ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

ਡਾ. ਪ੍ਰਿਤਪਾਲ ਸਿੰਘ ਨੇ ਕਾਂਗਰਸਮੈਨ ਜੌਹਨ ਗੈਰਾਮੈਂਡੀ, ਕਾਂਗਰਸਮੈਨ ਡੇਵਿਡ ਵਾਲਾਡਾਓ, ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੇ ਯੂ.ਐੱਸ. ਅੰਬੈਸਡਰ ਰਸ਼ਦ ਹੁਸੈਨ ਨੂੰ ਇਹ ਪੱਤਰ ਲਿਖੇ ਹਨ, ਜਿਸ ਵਿਚ ਉਨ੍ਹਾਂ ਭਾਰਤ ਵਿਚ ਸਿੱਖ ਭਾਈਚਾਰੇ ਵਿਰੁੱਧ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੱਲ ਧਿਆਨ ਦਿਵਾਇਆ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਭਾਰਤ ਸਰਕਾਰ ਨੇ ਪੰਜਾਬ ਵਿਚ ਨੌਜਵਾਨ ਆਗੂ ਅਤੇ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਨੂੰ ਮਨਘੜਤ ਦੋਸ਼ਾਂ ਤਹਿਤ ਗ੍ਰਿਫਤਾਰ ਕਰਨ ਲਈ ਸੁਰੱਖਿਆ ਕਾਰਵਾਈ ਸ਼ੁਰੂ ਕੀਤੀ ਹੋਈ ਹੈ।

ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸ਼ੁਰੂਆਤੀ ਰਿਪੋਰਟਾਂ ਅਨੁਸਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਹਿਰਾਸਤ ਵਿਚ ਲੈ ਕੇ ਕਿਸੇ ਅਣਦੱਸੀ ਥਾਂ 'ਤੇ ਭੇਜ ਦਿੱਤਾ ਗਿਆ ਹੈ। ਪਰ ਬਾਅਦ ਵਿਚ ਪੰਜਾਬ ਪੁਲਿਸ ਨੇ ਦਾਅਵਾ ਕੀਤਾ ਕਿ ਉਹ ਭਗੌੜਾ ਹੋ ਗਿਆ ਸੀ ਅਤੇ ਜਿਸ ਦੇ ਲਈ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਾਨੂੰ ਡਰ ਹੈ ਕਿ ਉਸ ਨੂੰ ਗੈਰ-ਨਿਆਇਕ ਤੌਰ 'ਤੇ ਹਿਰਾਸਤ 'ਚ ਰੱਖ ਕੇ ਹੱਤਿਆ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿਚ ਇੰਟਰਨੈੱਟ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਧਾਰਾ 144 ਲਾ ਕੇ ਲੋਕਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਤੋਂ ਰੋਕਿਆ ਜਾ ਰਿਹਾ ਹੈ। ਡਾ. ਪ੍ਰਿਤਪਾਲ ਸਿੰਘ ਨੇ ਅਮਰੀਕੀ ਆਗੂਆਂ ਨੂੰ ਇਸ ਸੰਬੰਧੀ ਤੁਰੰਤ ਕਾਰਵਾਈ ਕਰਨ ਬੇਨਤੀ ਕੀਤੀ ਹੈ।

# 26 ਮਾਰਚ ਨੂੰ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ

### ■ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ
### ■ 6 ਮੀਲ ਲੰਮਾ ਹੋਵੇਗਾ ਨਗਰ ਕੀਰਤਨ ਦਾ ਪੈਂਡਾ

















**ਸੈਕਰਾਮੈਂਟੋ, (ਪੰਜਾਬ ਮੇਲ)-** ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਨਵੇਂ ਬਣੇ ਹਾਲ ਵਿਚ 13 ਮਾਰਚ ਤੋਂ ਸਮਾਗਮ ਸ਼ੁਰੂ ਹੋ ਚੁੱਕੇ ਹਨ ਅਤੇ ਰੋਜ਼ਾਨਾ ਸ਼ਾਮ ਨੂੰ ਕੀਰਤਨੀ ਜੱਥੇ ਅਤੇ ਕਥਾਵਾਚਕ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਨ੍ਹਾਂ ਵਿਚ ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜੀਤਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ, ਭਾਈ ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ, ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ ਆਈਆਂ ਸੰਗਤਾਂ ਨੂੰ ਕਥਾ, ਕੀਰਤਨ ਰਾਹੀਂ ਨਿਹਾਲ ਕਰ ਰਹੇ ਹਨ। ਦੂਰੋਂ-ਨੇੜਿਓਂ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਗੁਰਦੁਆਰਾ ਸਾਹਿਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪਹੁੰਚ ਰਹੇ ਹਨ ਅਤੇ ਗੁਰਬਾਣੀ ਦਾ ਆਨੰਦ ਮਾਣ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ 24 ਮਾਰਚ, ਦਿਨ ਸ਼ੁਕਰਵਾਰ ਨੂੰ ਆਤਿਸ਼ਬਾਜ਼ੀ ਹੋਵੇਗੀ। 25 ਮਾਰਚ, ਦਿਨ ਸ਼ਨੀਵਾਰ ਨੂੰ ਨਿਸ਼ਾਨ ਸਾਹਿਬ ਸੇਵਾ ਦੀ ਹੋਵਗੀ। 26 ਮਾਰਚ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਗਰ ਕੀਰਤਨ ਆਰੰਭ ਹੋਵੇਗਾ। ਨਗਰ ਕੀਰਤਨ ਦਾ ਪੈਂਡਾ 6 ਮੀਲ ਲੰਮਾ ਹੋਵੇਗਾ। ਬਰਾਡਸ਼ਾਅ ਰੋਡ ਤੋਂ ਵਿਨਟੇਜ ਪਾਰਕ ਅਤੇ ਐਲਕਗਰੋਵ ਫਲੋਰਿਨ ਰੋਡ ਤੋਂ ਹੁੰਦਾ ਹੋਇਆ ਗਰਬਰ ਰੋਡ ਤੋਂ ਵਾਪਸ ਗੁਰਦੁਆਰਾ ਸਾਹਿਬ ਪਹੁੰਚੇਗਾ। ਇਸ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਮੇਲ 'ਚ ਸਫਾ ਨੰਬਰ 2 'ਤੇ ਲੱਗੇ ਇਸ਼ਤਿਹਾਰ ਨੂੰ ਦੇਖੋ।

ੴ ਸਤਿਗੁਰ ਪ੍ਰਸਾਦਿ ॥

ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥

# ਸੈਕਰਾਮੈਂਟੋ ਸਿੱਖ ਸੁਸਾਇਟੀ



# ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ

## 26 ਮਾਰਚ, ਐਤਵਾਰ 2023

### ਪ੍ਰੋਗਰਾਮ

- 13 ਤੋਂ 25 ਮਾਰਚ : ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
- 19 ਮਾਰਚ, ਦਿਨ ਐਤਵਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
- ਨਿਸ਼ਾਨ ਸਾਹਿਬ ਸੇਵਾ 25 ਮਾਰਚ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ
- 26 ਮਾਰਚ, ਦਿਨ ਐਤਵਾਰ, ਆਰੰਭ ਨਗਰ ਕੀਰਤਨ ਸਵੇਰੇ 10 ਵਜੇ
- ਪਹੁੰਚ ਰਹੇ ਜੱਥੇ : ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜੀਤਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ, ਭਾਈ ਮਲਕੀਤ ਸਿੰਘ ਜੀ ਹੈਡ ਗ੍ਰੰਥੀ ਅਕਾਲ ਤਖਤ ਸਾਹਿਬ, ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ।

- ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।
- ਇਸ ਮੌਕੇ ਗਤਕੇ ਦੇ ਜੌਹਰ ਦਿਖਾਏ ਜਾਣਗੇ।

Copyright@Punjab Mail USA

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥**

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਨਵੇਂ ਬਣੇ ਹਾਲ ਵਿਚ 13 ਮਾਰਚ ਤੋਂ ਸਮਾਗਮ ਸ਼ੁਰੂ ਹੋ ਚੁੱਕੇ ਹਨ ਅਤੇ ਰੋਜ਼ਾਨਾ ਸ਼ਾਮ ਨੂੰ ਕੀਰਤਨੀ ਜੱਥੇ ਅਤੇ ਕਥਾਵਾਚਕ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਨ੍ਹਾਂ ਵਿਚ ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜੀਤਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ, ਭਾਈ ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ, ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ ਆਈਆਂ ਸੰਗਤਾਂ ਨੂੰ ਕਥਾ, ਕੀਰਤਨ ਰਾਹੀਂ ਨਿਹਾਲ ਕਰ ਰਹੇ ਹਨ। ਦੂਰੋਂ-ਨੇੜਿਓਂ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਗੁਰਦੁਆਰਾ ਸਾਹਿਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪਹੁੰਚ ਰਹੇ ਹਨ ਅਤੇ ਗੁਰਬਾਣੀ ਦਾ ਆਨੰਦ ਮਾਣ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ 24 ਮਾਰਚ, ਦਿਨ ਸ਼ੁਕਰਵਾਰ ਨੂੰ ਆਤਿਸ਼ਬਾਜ਼ੀ ਹੋਵੇਗੀ। 25 ਮਾਰਚ, ਦਿਨ ਸ਼ਨੀਵਾਰ ਨੂੰ ਨਿਸ਼ਾਨ ਸਾਹਿਬ ਸੇਵਾ ਦੀ ਹੋਵਗੀ। 26 ਮਾਰਚ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਗਰ ਕੀਰਤਨ ਆਰੰਭ ਹੋਵੇਗਾ। ਨਗਰ ਕੀਰਤਨ ਦਾ ਪੈਂਡਾ 6 ਮੀਲ ਲੰਮਾ ਹੋਵੇਗਾ। ਬਰਾਡਸ਼ਾਅ ਰੋਡ ਤੋਂ ਵਿਨਟੇਜ ਪਾਰਕ ਅਤੇ ਐਲਕਗਰੋਵ ਫਲੋਰਿਨ ਰੋਡ ਤੋਂ ਹੁੰਦਾ ਹੋਇਆ ਗਰਬਰ ਰੋਡ ਤੋਂ ਵਾਪਸ ਗੁਰਦੁਆਰਾ ਸਾਹਿਬ ਪਹੁੰਚੇਗਾ।

**ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।**

| Lakhvir Singh Aujla | Gurinderpal Singh Gill | Randhir Singh Nijjar |
|---|---|---|
| 916-826-9800 | 916-717-2277 | 916-416-9527 |

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

**7676, Bradshaw Road, Sacramento, CA-95829**


REALTY ONE GROUP

FOR SALE & PURCHASE OF ANY KIND OF PROPERTY



*Space Sponsored by :*

**Gurjatinder S. Randhawa**

REALTOR CA DRE licence # 01490567

**916-320-9444**

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

garysingh123@yahoo.com

# ਹੋਲਾ-ਮਹੱਲਾ ਨਗਰ ਕੀਰਤਨ

## 26 ਮਾਰਚ, ਦਿਨ ਐਤਵਾਰ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**LAKHBIR SINGH AUJLA**

One Stop Shop
ELITE
TRUCK REPAIR & WASH INC

**ELITE TRUCK REPAIR & WASH**

10399 E STOCKTON BLVD ELK GROVE, CA 95624


## ਲਖਬੀਰ ਸਿੰਘ ਔਜਲਾ

ਮੁੱਖ ਸੇਵਾਦਾਰ, ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

# ਨਗਰ ਕੀਰਤਨ 26 ਮਾਰਚ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ






ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਸਜਾਏ ਜਾ ਰਹੇ

## ਪਹਿਲੇ ਹੋਲਾ-ਮਹੱਲਾ ਨਗਰ ਕੀਰਤਨ

ਦੀਆਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ







**ਧੀਰਾ ਨਿੱਝਰ**
ਖੇਡ ਪ੍ਰਮੋਟਰ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**CAMP LOGISTICS**
TRANSPORATATION & BROKERAGE INC
9365, Miko Circle, Elk Grove, CA 95624

**Randhir Singh Nijjar**
Lakhy Singh | Sajjad Anwar

Designed By Punjab Mail USA


ਹੋਲਾ-ਮਹੱਲਾ ਨਗਰ ਕੀਰਤਨ
26 ਮਾਰਚ, ਦਿਨ ਐਤਵਾਰ
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਪਹਿਲਾ
ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ
ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਦਵਿੰਦਰ ਸਿੰਘ ਝਾਵਰ
US
Fuel Services.
916-919-7061, 916-686-6713
Davinder Singh Jhawar
Designed By Punjab Mail USA

ੴ ਸਤਿਗੁਰ ਪ੍ਰਸਾਦਿ





# ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ

## 26 ਮਾਰਚ, 2023, ਦਿਨ ਐਤਵਾਰ

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# Gurjatinder S. Randhawa

REALTOR CA DRE licence # 01490567

REALTYONEGROUP

FOR SALE & PURCHASE OF ANY KIND OF PROPERTY

*Recently Sold Properties*






Gurjatinder S. Randhawa
REALTOR CA DRE licence # 01490567

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

## Gurjatinder S. Randhawa

web: www.RealtorRandhawa.com

**916-320-9444**

garysingh123@yahoo.com

੧ੴ ਸਤਿਗੁਰ ਪ੍ਰਸਾਦਿ



# ਨਗਰ ਕੀਰਤਨ 26 ਮਾਰਚ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ ਨੂੰ ਸਜਾਇਆ ਜਾ ਰਿਹਾ ਹੈ। 26 ਮਾਰਚ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਗਰ ਕੀਰਤਨ ਆਰੰਭ ਹੋਵੇਗਾ, ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸੁਭਾਗ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



Designed By Punjab Mail USA

# PARGAT SINGH SANDHU

## Vice Mayor, Galt City



# ਨਗਰ ਕੀਰਤਨ 26 ਮਾਰਚ

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ

## ਹੋਲਾ-ਮਹੱਲਾ ਨਗਰ ਕੀਰਤਨ

ਦੀਆਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ ਵੱਲੋਂ ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Designed By Punjab Mail USA



Mohabatpal Singh Kaile
President Haryana American Association California



Sukhwinder Singh



Sukhraj Singh Kang

ਮੁਹੱਬਤਪਾਲ ਸਿੰਘ ਕੈਲੇ
ਸੁਖਵਿੰਦਰ ਸਿੰਘ
ਸੁਖਰਾਜ ਸਿੰਘ ਕੰਗ

## Gas Station, Farming & Hotel Business Owner

**Marysville, Lincoln, Sacramento.**

# ਹੋਲਾ-ਮਹੱਲਾ ਨਗਰ ਕੀਰਤਨ

## 26 ਮਾਰਚ, ਦਿਨ ਐਤਵਾਰ

### ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ





Designed By Punjab Mail USA

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ

**ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ**

ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ

## Charhda Punjab Club, Sacramento

ੴ ਸਤਿਗੁਰ ਪ੍ਰਸਾਦਿ

# ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ

# 26 ਮਾਰਚ, ਦਿਨ ਐਤਵਾਰ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ





ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ ਵੱਲੋਂ

**ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ**

ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Designed By Punjab Mail USA

- SAM BATH
- JASSI SHERGILL
- PARAMJIT SINGH KHAIRA
- PALWINDER SHERGILL

**ਸੈਮ ਬਾਠ, ਜਸਵਿੰਦਰ ਜੱਸੀ ਸ਼ੇਰਗਿੱਲ, ਪਰਮਜੀਤ ਸਿੰਘ ਖਹਿਰਾ, ਪਲਵਿੰਦਰ ਸ਼ੇਰਗਿੱਲ**

## SAC VALLEY VELLERO




7891, Stockton Blvd,
Sacramento, CA 95823
916-896-5647

## WEST SAC AM PM TRUCK STOP

4790, West Captial Avenue,
West Sacramento, CA 95691
916-371-0454



# ਨਗਰ ਕੀਰਤਨ 26 ਮਾਰਚ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ ਕੱਢਣ 'ਤੇ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ

**A & I TRUCKING**

COMMITMENT TO SERVICE

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Designed By Punjab Mail USA

A&I Watsonville, CA

GAKHAL GROUP

GB Entertainment







**ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ , ਪਲਵਿੰਦਰ ਸਿੰਘ ਗਾਖਲ**

**Amolak Singh Gakhal, Iqbal Singh Gakhal, Palwinder Singh Gakhal**

**123, E LEE ROAD WATSONVILLE, CA 95076**

ੴ ਸਤਿਗੁਰ ਪ੍ਰਸਾਦਿ



# ਹੋਲਾ-ਮਹੱਲਾ ਨਗਰ ਕੀਰਤਨ


## 26 ਮਾਰਚ, ਦਿਨ ਐਤਵਾਰ

### ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ




ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Jaswant Singh Saprai & Family**




**Super Power Mart Store**

10020, Live Oak Blvd, Live Oak, California



**Super Power Mart**

7205 Marysville Rd, Browns Valley, CA 95918

Designed By Punjab Mail USA
Designed By Punjab Mail USA




Designed By Punjab Mail USA

ੴ ਸਤਿਗੁਰ ਪ੍ਰਸਾਦਿ

ਖਾਲਸਾ ਮੇਰੋ ਰੂਪ ਹੈ ਖਾਸ।

ਖਾਲਸੇ ਮਹਿ ਹੌ ਕਰੋ ਨਿਵਾਸ





# ਹੋਲਾ-ਮਹੱਲਾ ਨਗਰ ਕੀਰਤਨ

# 26 ਮਾਰਚ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ ਵੱਲੋਂ ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗੁਰਜੀਤ ਸਿੰਘ ਹੋਠੀ, ਜਸਵੰਤ ਸਿੰਘ ਹੋਠੀ



Designed By Punjab Mail USA

## Jaswant S. Hothi

## ਪ੍ਰਧਾਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

੧ੴ ਸਤਿਗੁਰ ਪ੍ਰਸਾਦਿ



# ਹੋਲਾ-ਮਹੱਲਾ ਨਗਰ ਕੀਰਤਨ

## 26 ਮਾਰਚ, ਦਿਨ ਐਤਵਾਰ

### ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ ਵੱਲੋਂ **ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ 26 ਮਾਰਚ** ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Designed By Punjab Mail USA

## ਡਾ. ਪ੍ਰਿਤਪਾਲ ਸਿੰਘ

ਕੋ-ਆਰਡੀਨੇਟਰ

## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ।




# ਸਮੂਹ ਜਗਤ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

# Jaswant Singh Saprai & Family

## ਜਸਵੰਤ ਸਿੰਘ ਸਪਰਾਏ ਅਤੇ ਪਰਿਵਾਰ



ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ





**Super Power Mart Store**

10020, Live Oak Blvd, Live Oak, California



**Super Power Mart**

7205 Marysville Rd, Browns Valley, CA 95918


ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ
26 ਮਾਰਚ, 2023, ਦਿਨ ਐਤਵਾਰ
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ
ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
Designed By Punjab Mail USA
SHER SINGH
ਸ਼ੇਰ ਸਿੰਘ
ਐਲਕ ਗਰੋਵ, ਸੈਕਰਾਮੈਂਟੋ


CVP Studios & Joga Dhindsa
Present
PUNJABI VIRSA 2023
April 9th (Sunday)
Elk Grove Park
Free Entry
Joga Dhindsa 916-698-8663
Sonu Chatha 916-716-7331
Navi Sooch 916-335-6576
Narinder Thandi 916-813-1442
Babbi Gill 916-882-8384
REALTY ONE GROUP
FOR SALE & PURCHASE OF ANY KIND OF PROPERTY
Space Sponsored by :
Gurjatinder S. Randhawa
REALTOR CA DRE licence # 01490567
916-320-9444
ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
garysingh123@yahoo.com

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਵਫਦ ਪਹੁੰਚਿਆ ਕੈਲੀਫੋਰਨੀਆ



**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਇਕ ਵਫਦ ਡਾ. ਏਕਮ ਕੌਰ ਦੀ ਰਹਿਨੁਮਾਈ ਹੇਠ ਅੱਜਕੱਲ੍ਹ ਕੈਲੀਫੋਰਨੀਆ ਦੌਰੇ 'ਤੇ ਹੈ। ਉਨ੍ਹਾਂ ਨਾਲ ਅੰਜਨ ਸਿੰਘ ਵੜੈਚ, ਹਰਲੀਨ ਕੌਰ ਵੜੈਚ ਵੀ ਸ਼ਾਮਲ ਹਨ। ਇਸ ਦੌਰਾਨ ਇਨ੍ਹਾਂ ਡਾ. ਪਰਮਜੀਤ ਸਿੰਘ ਰੰਧਾਵਾ ਦੀ ਲੈਬ ਵਿਖੇ ਦੌਰਾ ਕੀਤਾ, ਜਿਥੇ ਡਾ. ਪਰਮਜੀਤ ਰੰਧਾਵਾ ਨੇ ਵੱਖ-ਵੱਖ ਪੌਦਿਆਂ 'ਤੇ ਹੋ ਰਹੀ ਖੋਜ ਬਾਰੇ ਵਿਸਥਾਰ ਨਾਲ ਦੱਸਿਆ। ਜ਼ਿਕਰਯੋਗ ਹੈ ਕਿ ਇਸ ਲੈਬ ਵਿਚ 100 ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ ਅਤੇ ਇਥੇ ਸੀਡ ਟੈਸਟਿੰਗ, ਪਲਾਂਟ ਟੈਸਟਿੰਗ ਅਤੇ ਨਰਸਰੀ ਬਾਰੇ ਖੋਜਾਂ ਕੀਤੀਆਂ ਜਾਂਦੀਆਂ ਹਨ। ਡਾ. ਏਕਮ ਕੌਰ ਵੜੈਚ ਇਸ ਲੈਬ ਨੂੰ ਦੇਖ ਕੇ ਕਾਫੀ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਕਿਹਾ ਕਿ ਇਸ ਲੈਬ ਰਾਹੀਂ ਜੋ ਤਜ਼ਰਬੇ ਹੋ ਰਹੇ ਹਨ, ਉਹ ਸ਼ਲਾਘਾਯੋਗ ਹਨ।

ਇਸ ਉਪਰੰਤ ਇਹ ਵਫਦ ਲਾਈਵ ਓਕ ਦੇ ਉੱਘੇ ਕਿਸਾਨ ਸ. ਹਰਬੰਸ ਸਿੰਘ ਪੰਮਾ ਨੂੰ ਮਿਲਣ ਗਏ, ਜਿੱਥੇ ਸ. ਪੰਮਾ ਨੇ ਆਪਣੇ ਖੇਤਾਂ ਵਿਚ ਲੱਗੇ ਵੱਖ-ਵੱਖ ਫਲਾਂ ਦੇ ਬਾਗਾਂ ਦਾ ਦੌਰਾ ਕਰਾਇਆ ਅਤੇ ਉਨ੍ਹਾਂ ਨੇ ਬੜੇ ਵਿਸਥਾਰ ਨਾਲ ਇਥੋਂ ਦੀ ਖੇਤੀਬਾੜੀ, ਉਸ ਦੇ ਰਖ-ਰਖਾਵ ਅਤੇ ਮਾਰਕੀਟਿੰਗ ਬਾਰੇ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਸ. ਹਰਬੰਸ ਸਿੰਘ ਪੰਮਾ ਇਕ ਸਫਲ ਕਿਸਾਨ ਹਨ ਅਤੇ ਹਜ਼ਾਰਾਂ ਏਕੜ ਦੇ ਮਾਲਕ ਹਨ। ਉਹ ਪਿਛਲੇ 50 ਸਾਲਾਂ ਤੋਂ ਲਾਈਵ ਓਕ ਅਤੇ ਯੂਬਾ ਸਿਟੀ ਵਿਖੇ ਖੇਤੀ ਕਰ ਰਹੇ ਹਨ।


REALTY ONE GROUP

FOR SALE & PURCHASE OF ANY KIND OF PROPERTY

Recently Sold Properties




ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

web: www.RealtorRandhawa.com

916-320-9444



Gurjatinder S. Randhawa
REALTOR CA DRE licence # 01490567


garysingh123@yahoo.com

# ਭਾਰਤੀ ਕੌਂਸਲ ਜਨਰਲ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਬਾਰੇ ਲਿਖੀ ਕਿਤਾਬ ਕੀਤੀ ਗਈ ਰਿਲੀਜ਼












**ਸਾਨ ਫਰਾਂਸਿਸਕੋ, (ਪੰਜਾਬ ਮੇਲ)**-ਰਿਟਾਇਰਡ ਕਰਨਲ ਹਰਸਿਮਰਨ ਸਿੰਘ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਦੇ ਜੀਵਨੀ ਬਾਰੇ ਇਕ ਕਿਤਾਬ ਲਿਖੀ ਗਈ ਹੈ। ਜਿਸ ਵਿਚ ਉਨ੍ਹਾਂ ਨੇ ਸ਼ਹੀਦ ਬਾਬਾ ਦੀਪ ਸਿੰਘ ਦੀ ਜੀਵਨੀ ਬਾਰੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਇਸ ਕਿਤਾਬ ਨੂੰ ਰਿਲੀਜ਼ ਕਰਨ ਲਈ ਯੁਗਾਂਤਰ ਆਸ਼ਰਮ ਗਦਰ ਮੈਮੋਰੀਅਲ ਹਾਲ, ਸਾਨ ਫਰਾਂਸਿਸਕੋ ਵਿਖੇ ਇਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਭਾਰਤੀ ਕੌਂਸਲ ਜਨਰਲ, ਸਾਨ ਫਰਾਂਸਿਸਕੋ ਦੇ ਕੌਂਸਲ ਡਾ. ਅਕੁਨ ਸਭਰਵਾਲ ਨੇ ਸਟੇਜ 'ਤੇ ਸੰਬੋਧਨ ਕਰਦਿਆਂ ਸਭ ਤੋਂ ਪਹਿਲਾਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਦੀਪ ਸਿੰਘ ਸ਼ਹੀਦ ਕਿਤਾਬ ਦੇ ਲੇਖਕ ਕਰਨਲ ਹਰਸਿਮਰਨ ਸਿੰਘ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਕੌਂਸਲ ਜਨਰਲ ਆਫ ਇੰਡੀਆ ਡਾ. ਟੀ.ਵੀ. ਨਗੇਂਦਰਾ ਪ੍ਰਸਾਦ ਦੀ ਗੈਰ ਹਾਜ਼ਰੀ ਵਿਚ ਸ਼ ?ਰੀ ਰਾਕੇਸ਼ ਅਧਲਖਾ ਡਿਪਟੀ ਕੌਂਸਲ ਜਨਰਲ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਦੌਰਾਨ ਕਰਨਲ ਹਰਸਿਮਰਨ ਸਿੰਘ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਲਗਭਗ ਇੱਕ ਘੰਟੇ ਦੇ ਲੈਕਚਰ ਦੌਰਾਨ ਸ਼ਹੀਦ ਬਾਬਾ ਦੀਪ ਸਿੰਘ ਦੇ ਬਹੁਤ ਸਾਰੇ ਪਹਿਲੂਆਂ ਨੂੰ ਛੋਹਿਆ। ਉਪਰੰਤ ਡਾ. ਅਕੁਨ ਸਭਰਵਾਲ ਨੇ ਸਟੇਜ ਤੋਂ ਸ਼ਹੀਦ ਬਾਬਾ ਦੀਪ ਸਿੰਘ ਬਾਰੇ ਕੁੱਝ ਸਵਾਲ ਪੁੱਛੇ, ਜਿਸ ਦੇ ਜਵਾਬ ਕਰਨਲ ਹਰਸਿਮਰਨ ਸਿੰਘ ਨੇ ਬਾਖ਼ੂਬੀ ਦਿੱਤੇ। ਆਏ ਹੋਏ ਮਹਿਮਾਨਾਂ ਵੱਲੋਂ ਵੀ ਕੁੱਝ ਸਵਾਲ, ਜਵਾਬ ਕੀਤੇ ਗਏ। ਕੁੱਲ ਮਿਲਾ ਕੇ ਇਹ ਸਮਾਗਮ ਕਾਮਯਾਬੀ ਨਾਲ ਸੰਪੰਨ ਹੋਇਆ।

TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay



# ਅਮਰੀਕੀ ਸਿੱਖ ਆਗੂ ਜੌਨ ਸਿੰਘ ਗਿੱਲ ਦੇ ਪਿਤਾ ਗੁਲਜ਼ਾਰਾ ਸਿੰਘ ਗਿੱਲ ਦੇ ਸੰਸਕਾਰ 'ਤੇ ਵੱਖ-ਵੱਖ ਸਖਸ਼ੀਅਤਾਂ ਵਲੋਂ ਸਰਧਾਂਜਲੀ





ਸ਼ਰਧਾਂਜਲੀ ਭੇਂਟ ਕਰਦੇ ਹੋਏ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨਵੀਨਰ ਡਾ. ਪ੍ਰਿਤਪਾਲ ਸਿੰਘ। ਨਾਲ ਖੜ੍ਹੇ ਹੋਰ ਆਗੂ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਉੱਘੇ ਸਿੱਖ ਆਗੂ, ਕਬੱਡੀ ਖੇਡ ਨੂੰ ਪ੍ਰਫੁਲਤ ਕਰਨ ਅਤੇ ਹੋਰ ਸਮਾਜ ਸੇਵੀ ਕੰਮਾਂ ਲਈ ਜਾਣੇ ਜਾਂਦੇ ਜੌਨ ਸਿੰਘ ਗਿੱਲ ਦੇ ਪਿਤਾ ਸ. ਗੁਲਜ਼ਾਰਾ ਸਿੰਘ ਗਿੱਲ ਜੋ ਪਿਛਲੇ ਦਿਨੀਂ ਇਸ ਸੰਸਾਰ ਤੋਂ ਰੁਖਸਤ ਹੋ ਗਏ ਸਨ, ਦਾ ਅੰਤਿਮ ਸੰਸਕਾਰ ਨੌਰਥ ਸੈਕਰਾਮੈਂਟੋ ਫਿਊਨਰਲ ਹੋਮ, ਐਲ ਕਮੀਨੋ ਐਵਨੀਓ ਸੈਕਰਾਮੈਂਟੋ ਵਿਖੇ ਕਰ ਦਿੱਤਾ ਗਿਆ ਤੇ ਅੰਤਿਮ ਅਰਦਾਸ ਤੇ ਸ਼ਬਦ ਕੀਰਤਨ ਗੁਰਦੁਆਰਾ ਸਾਹਿਬ ਸਿੱਖ ਟੈਂਪਲ, ਵੈਸਟ ਸੈਕਰਾਮੈਂਟੋ ਵਿਖੇ ਹੋਇਆ। ਇਸ ਦੁੱਖ ਦੀ ਘੜੀ ਵਿਚ ਸਾਰਾ ਪੰਥਕ ਭਾਈਚਾਰਾ ਸ. ਜੌਹਨ ਸਿੰਘ ਗਿੱਲ ਹੋਰਾਂ ਦੇ ਦੁੱਖ ਵਿਚ ਸ਼ਰੀਕ ਹੋਇਆ। ਇਸ ਮੌਕੇ ਪਰਿਵਾਰ ਦੇ ਜੀਆਂ ਤੇ ਬੱਚਿਆਂ ਤੋਂ ਇਲਾਵਾ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨਵੀਨਰ ਡਾ. ਪ੍ਰਿਤਪਾਲ ਸਿੰਘ, ਪ੍ਰਧਾਨ ਸੰਤ ਸਿੰਘ ਹੋਠੀ, ਹਰਮਿੰਦਰ ਸਿੰਘ ਸਮਾਣਾ, ਕੈਨੇਡਾ ਤੋਂ ਹਰਪਾਲ ਸਿੰਘ ਸੰਧੂ, ਮਨਜੀਤ ਸਿੰਘ ਉਪਲ, ਗੁਰਜਤਿੰਦਰ ਸਿੰਘ ਰੰਧਾਵਾ, ਸਿੱਖਸ ਫਾਰ ਜਸਟਿਸ ਤੋਂ ਸੁਖਵਿੰਦਰ ਸਿੰਘ ਥਾਣਾ, ਸੁਰਿੰਦਰ ਸਿੰਘ ਨਿੱਝਰ, ਤੇਜਿੰਦਰ ਸਿੰਘ ਦੁਸਾਂਝ, ਮੇਅਰ ਸੁਖਮਿੰਦਰ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਅਟਵਾਲ ਆਦਿ ਨੇ ਬਾਪੂ ਗੁਲਜ਼ਾਰ ਸਿੰਘ ਗਿੱਲ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਾਰੇ ਬੁਲਾਰਿਆਂ ਨੇ ਪੰਥ ਪ੍ਰਤੀ ਕੀਤੇ ਕੰਮਾਂ ਅਤੇ ਉਨ੍ਹਾਂ ਵਲੋਂ ਗੁਰੂ ਘਰਾਂ ਅਤੇ ਸਮਾਜਿਕ ਕਾਰਜਾਂ ਤੇ ਕਬੱਡੀ ਖੇਡ ਨੂੰ ਮੁਕਾਮ 'ਤੇ ਪਹੁੰਚਾਉਣ ਲਈ ਜੌਨ ਸਿੰਘ ਗਿੱਲ ਤੇ ਬਾਪੂ ਗੁਲਜ਼ਾਰਾ ਸਿੰਘ ਗਿੱਲ ਦੇ ਬਣਦੇ ਰੁਤਬੇ ਦਾ ਜ਼ਿਕਰ ਕੀਤਾ ਗਿਆ। ਬਾਪੂ ਗੁਲਜ਼ਾਰਾ ਸਿੰਘ ਗਿੱਲ ਆਪਣਾ ਸਾਰਾ ਜੀਵਨ ਆਪਣੇ ਬੇਟੇ ਜੌਨ ਸਿੰਘ ਗਿੱਲ ਨਾਲ ਸੈਕਰਾਮੈਂਟੋ ਲਾਗੇ ਸ਼ਹਿਰ ਵੁੱਡਲੈਂਡ 'ਚ ਹੀ ਰਹੇ। ਸ਼ਹੀਦ ਭਗਤ ਸਿੰਘ ਜ਼ਿਲ੍ਹੇ ਤੇ ਬੰਗਾ ਲਾਗੇ ਪਿੰਡ ਚੱਕ ਬਿਲਗਾ ਵਿਚ ਜਨਮੇ ਗੁਲਜ਼ਾਰਾ ਸਿੰਘ ਗਿੱਲ 1980 ਵਿਚ ਅਮਰੀਕਾ ਆਏ ਅਤੇ ਇਥੇ ਆਪਣੇ ਦੋ ਪੁੱਤਰਾਂ, ਨੂੰਹਾਂ ਅਤੇ 6 ਪੋਤੇ-ਪੋਤਰੀਆਂ ਨਾਲ਼ ਭਰੇ ਪਰਿਵਾਰ 'ਚ ਰਹਿੰਦੇ ਸਨ। ਇਸ ਅੰਤਿਮ ਸੰਸਕਾਰ ਵਿਚ ਗਿੱਲ ਪਰਿਵਾਰ ਵਲੋਂ ਕੀਤੇ ਸਮਾਜਿਕ ਤੇ ਧਾਰਮਿਕ ਕਾਰਜਾਂ ਕਰਕੇ ਦੂਰੋਂ-ਨੇੜਿਓ ਲੋਕ ਭਾਰੀ ਗਿਣਤੀ 'ਚ ਸ਼ਾਮਲ ਹੋਏ।

# ਸਿੱਖ ਕੌਂਸਲ ਆਫ ਕੈਲੀਫੋਰਨੀਆ ਵੱਲੋਂ ਗੁਰਦੁਆਰਾ ਨਾਨਕਸਰ ਚੈਰੀ ਫਰਿਜ਼ਨੋ ਦਾ ਵਿਸ਼ੇਸ਼ ਸਨਮਾਨ



ਸਨਮਾਨ ਚਿੰਨ੍ਹ ਭੇਟ ਕਰਨ ਸਮੇਂ ਯਾਦਗਾਰੀ ਤਸਵੀਰ।

ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)- ਸੈਂਟਰਲ ਵੈਲੀ ਕੈਲੀਫੋਰਨੀਆ ਦੇ ਗੁਰਦੁਆਰਿਆਂ ਵਿਚ ਯੋਗ ਪ੍ਰਬੰਧਾਂ ਅਤੇ ਸੇਵਾਵਾਂ ਨੂੰ ਉਚਿਤ ਬਣਾਉਣ ਲਈ "ਸਿੱਖ ਕੌਂਸਲ ਆਫ ਕੈਲੀਫੋਰਨੀਆ ਪਿਛਲੇ ਲੰਮੇ ਅਰਸੇ ਤੋਂ ਸੇਵਾਵਾ ਨਿਭਾ ਰਹੀ ਹੈ। ਇਹ ਸੰਸਥਾ ਸੈਂਟਰਲ ਵੈਲੀ ਕੈਲੀਫੋਰਨੀਆ ਦੇ ਸਮੂਹ ਗੁਰੂਘਰਾਂ ਦੇ ਪ੍ਰਬੰਧ ਅਤੇ ਆਪਸੀ ਤਾਲਮੇਲ ਬਣਾਉਣ ਤੋਂ ਇਲਾਵਾ ਇਕ-ਦੂਜੇ ਲਈ ਵੱਡੇ ਸਮਾਗਮਾਂ ਦੌਰਾਨ ਸਹਿਯੋਗ ਕਰਨ ਵਿਚ ਮਦਦ ਕਰਦੀ ਹੈ। ਹੁਣ ਸੰਸਥਾ ਦੇ ਉਲੀਕੇ ਪ੍ਰੋਗਰਾਮ ਅਨੁਸਾਰ ਸੈਂਟਰਲ ਵੈਲੀ ਦੇ ਸਮੂਹ ਗੁਰੂਘਰਾਂ ਦੀਆਂ ਕਮੇਟੀਆਂ ਨੂੰ ਸੰਸਥਾ ਦੇ ਮੈਂਬਰ ਬਣ ਸੇਵਾਵਾਂ ਨਿਭਾਉਣ ਕਰਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਮਰਿਯਾਦਾ ਅਨੁਸਾਰ ਚਲਾਏ ਜਾ ਰਹੇ "ਗੁਰਦੁਆਰਾ ਨਾਨਕਸਰ" ਚੈਰੀ ਐਵਨਿਊ ਫਰਿਜ਼ਨੋ ਵਿਚ ਇਕ ਵਿਸ਼ੇਸ਼ ਸਮਾਗਮ ਦੌਰਾਨ ਗੁਰੂਘਰ ਦੀ ਕਮੇਟੀ ਨੂੰ ਸਿੱਖ ਕੌਂਸਲ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਿੱਖ ਕੌਂਸਲ ਵੱਲੋਂ ਸ. ਸੁਖਦੇਵ ਸਿੰਘ ਚੀਮਾ, ਨਾਨਕਸਰ ਗੁਰੂਘਰ ਦੇ ਬੁਲਾਰੇ ਭਾਈ ਹਰਭਜਨ ਸਿੰਘ ਅਤੇ ਹੋਰ ਹਾਜ਼ਰ ਬੁਲਾਰਿਆਂ ਨੇ ਬੋਲਦੇ ਹੋਏ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਸਮੇਂ ਗੁਰੂਘਰ ਦੀ ਪ੍ਰਬੰਧਕ ਕਮੇਟੀ, ਸਿੱਖ ਕੌਂਸਲ ਦੇ ਮੈਂਬਰ ਅਤੇ ਸੰਗਤਾਂ ਮੌਜੂਦ ਸਨ।

# ਕੋਟਕਪੂਰਾ ਗੋਲੀ ਕਾਂਡ: ਅਦਾਲਤ ਵੱਲੋਂ ਸੁਖਬੀਰ ਨੂੰ ਜ਼ਮਾਨਤ

■ ਸੁਮੇਧ ਸੈਣੀ, ਉਮਰਾਨੰਗਲ ਤੇ ਚਰਨਜੀਤ ਸ਼ਰਮਾ ਦੀ ਜ਼ਮਾਨਤ ਅਰਜ਼ੀ ਰੱਦ



ਫਰੀਦਕੋਟ, (ਪੰਜਾਬ ਮੇਲ)- ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਕੋਟਕਪੂਰਾ ਗੋਲੀ ਕਾਂਡ ਵਿਚ 30 ਮਈ ਤੱਕ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਹਾਈ ਕੋਰਟ ਨੇ ਇਲਾਕਾ ਮੈਜਿਸਟਰੇਟ ਨੂੰ ਹਦਾਇਤ ਕੀਤੀ ਹੈ ਕਿ ਜੇਕਰ ਸੁਖਬੀਰ ਬਾਦਲ ਅਦਾਲਤ ਵਿਚ ਪੇਸ਼ ਹੁੰਦੇ ਹਨ, ਤਾਂ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਜਾਵੇ। 18 ਮਾਰਚ ਨੂੰ ਫ਼ਰੀਦਕੋਟ ਦੀ ਅਦਾਲਤ ਨੇ ਸੁਖਬੀਰ ਸਿੰਘ ਬਾਦਲ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਸੁਖਬੀਰ ਬਾਦਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਉਸ ਖਿਲਾਫ਼ ਚਲਾਨ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋ ਚੁੱਕਿਆ ਹੈ ਅਤੇ ਉਸ ਨੂੰ ਅਦਾਲਤ ਦੇ ਸੰਮਨ ਵੀ ਮਿਲ ਚੁੱਕੇ ਹਨ। ਸੁਖਬੀਰ ਬਾਦਲ ਨੇ ਅਦਾਲਤ ਵਿਚ ਕਿਹਾ ਕਿ ਉਹ ਅਦਾਲਤ ਵਿਚ ਪੇਸ਼ ਹੋਣ ਲਈ ਤਿਆਰ ਹੈ।

ਕੋਟਕਪੂਰਾ ਗੋਲੀ ਕਾਂਡ ਵਿਚ ਮੁੱਖ ਸਾਜ਼ਿਸ਼ਘਾੜੇ ਵਜੋਂ ਮੁਲਜ਼ਮ ਨਾਮਜ਼ਦ ਹੋਏ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ ਤੇ ਚਰਨਜੀਤ ਸ਼ਰਮਾ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਹੋ ਗਈ ਹੈ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA — Certified Insurance Agent

Designed By Punjab Mail USA

Ph.: (916) 900-2000



EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ’ਤੇ ਐੱਨ.ਐੱਸ.ਏ. ਲਾਇਆ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਨੂੰ ‘ਵਾਰਿਸ ਪੰਜਾਬ ਦੇ’ ਮੁਖੀ ਅੰਮ੍ਰਿਤਪਾਲ ਸਿੰਘ ਦੇ ਫ਼ਰਾਰ ਹੋਣ ਸਬੰਧੀ ਅਹਿਮ ਸੁਰਾਗ ਹੱਥ ਲੱਗੇ ਹਨ। ਪੁਲਿਸ ਮੁਤਾਬਕ ਅੰਮ੍ਰਿਤਪਾਲ ਇਕ ਗੁਰਦੁਆਰੇ ’ਚ ਕੱਪੜੇ ਬਦਲਣ ਮਗਰੋਂ ਮੋਟਰਸਾਈਕਲ ’ਤੇ ਫ਼ਰਾਰ ਹੋਇਆ ਹੈ। ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਭਜਾਉਣ ’ਚ ਮਦਦ ਕਰਨ ਵਾਲੇ ਚਾਰ ਵਿਅਕਤੀ ਗ੍ਰਿਫ਼ਤਾਰ ਕਰ ਲਏ ਹਨ ਅਤੇ ਉਸ ਬਰੇਜ਼ਾ ਗੱਡੀ ਨੂੰ ਵੀ ਬਰਾਮਦ ਕਰ ਲਿਆ ਹੈ, ਜਿਸ ’ਚ ਬੈਠ ਕੇ ਮੌਕੇ ਤੋਂ ਅੰਮ੍ਰਿਤਪਾਲ ਸਿੰਘ ਫ਼ਰਾਰ ਹੋਇਆ ਸੀ। ਅੰਮ੍ਰਿਤਪਾਲ ਸਿੰਘ ਦੇ 18 ਮਾਰਚ ਨੂੰ ਗੈਰ ਜ਼ਮਾਨਤੀ ਵਾਰੰਟ ਵੀ ਜਾਰੀ ਹੋ ਚੁੱਕੇ ਹਨ ਤੇ ਉਸ ਖ਼ਿਲਾਫ਼ ਐੱਨ.ਐੱਸ.ਏ. (ਕੌਮੀ ਸੁਰੱਖਿਆ ਐਕਟ) ਲਾਇਆ ਗਿਆ ਹੈ। ਉਧਰ ਪੰਜਾਬ ਸਰਕਾਰ ਨੇ ਤਰਨ ਤਾਰਨ, ਫਿਰੋਜ਼ਪੁਰ, ਮੋਗਾ, ਸੰਗਰੂਰ, ਅੰਮ੍ਰਿਤਸਰ ਦੇ ਅਜਨਾਲਾ ਅਤੇ ਮੁਹਾਲੀ ਦੇ ਕੁਝ ਇਲਾਕਿਆਂ ਨੂੰ ਛੱਡ ਕੇ ਬਾਕੀ ਸੂਬੇ ’ਚ ਮੋਬਾਈਲ ਇੰਟਰਨੈੱਟ ਅਤੇ ਐੱਸ.ਐੱਮ.ਐੱਸ. ਸੇਵਾਵਾਂ ਬਹਾਲ ਕਰ ਦਿੱਤੀਆਂ ਹਨ। ਪੁਲਿਸ ਨੇ ਅੰਮ੍ਰਿਤਪਾਲ ਦੀਆਂ ਵੱਖ-ਵੱਖ ਪਹਿਰਾਵੇ ਵਾਲੀਆਂ ਛੇ ਤਸਵੀਰਾਂ ਵੀ ਜਾਰੀ ਕੀਤੀਆਂ ਹਨ। ਅੰਮ੍ਰਿਤਪਾਲ ਸਿੰਘ ਦੀ ਭਾਲ ਜਾਰੀ ਰਹੀ ਅਤੇ ਹੁਣ ਤੱਕ ਪੁਲਿਸ ਨੇ ਉਸ ਦੇ 154 ਸਮਰਥਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

**■ਗੁਰਦੁਆਰੇ ’ਚ ਕੱਪੜੇ ਬਦਲ ਕੇ ਮੋਟਰਸਾਈਕਲ ’ਤੇ ਫ਼ਰਾਰ ਹੋਇਆ ਅੰਮ੍ਰਿਤਪਾਲ**

ਪੰਜਾਬ ਪੁਲਿਸ ਦੇ ਬੁਲਾਰੇ ਆਈ.ਜੀ. ਡਾ. ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਚਾਰ ਵਿਅਕਤੀਆਂ ਮਨਪ੍ਰੀਤ ਮੰਨਾ, ਗੁਰਪ੍ਰੀਤ ਦੀਪਾ, ਹਰਪ੍ਰੀਤ ਹੈਪੀ ਅਤੇ ਗੁਰਭੇਜ ਸਿੰਘ, ਜੋ ਫ਼ਰੀਦਕੋਟ ਤੇ ਜਲੰਧਰ ਜ਼ਿਲ੍ਹਿਆਂ ਨਾਲ ਸਬੰਧਤ ਹਨ, ਨੂੰ ਜਦੋਂ ਫੜਿਆ ਗਿਆ ਤਾਂ ਉਨ੍ਹਾਂ ਪੁੱਛ-ਪੜਤਾਲ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਫ਼ਰਾਰ ਹੋਣ ਦਾ ਭੇਤ ਖੋਲ੍ਹਿਆ। ਡਾ. ਗਿੱਲ ਨੇ ਦੱਸਿਆ ਕਿ ਜਦੋਂ ਅੰਮ੍ਰਿਤਪਾਲ ਸਿੰਘ ਆਪਣਾ ਵਾਹਨ ਬਦਲ ਕੇ ਬਰੇਜ਼ਾ ਗੱਡੀ ਵਿਚ ਬੈਠਿਆ ਸੀ, ਤਾਂ ਉਕਤ ਨੌਜਵਾਨ ਵੀ ਉਸ ’ਚ ਸਵਾਰ ਸਨ। ਉਹ ਅੰਮ੍ਰਿਤਪਾਲ ਸਿੰਘ ਨੂੰ ਪਿੰਡ ਨੰਗਲ ਅੰਬੀਆਂ ਦੇ ਗੁਰੂ ਘਰ ’ਚ ਲੈ ਕੇ ਗਏ, ਜਿੱਥੇ ਪਹਿਲਾਂ ਹੀ ਦੋ ਮੋਟਰਸਾਈਕਲਾਂ ਸਮੇਤ ਤਿੰਨ ਵਿਅਕਤੀ ਹੋਰ ਮੌਜੂਦ ਸਨ। ਫੜੇ ਗਏ ਵਿਅਕਤੀਆਂ ਨੇ ਦੱਸਿਆ ਕਿ ਨੰਗਲ ਅੰਬੀਆਂ ਦੇ ਗੁਰੂ ਘਰ ’ਚ ਅੰਮ੍ਰਿਤਪਾਲ ਸਿੰਘ ਨੇ ਪੱਛਮੀ ਦਿੱਖ ਵਾਲੇ ਕੱਪੜੇ ਪਹਿਨ ਲਏ ਸਨ। ਉਸ ਮਗਰੋਂ ਅੰਮ੍ਰਿਤਪਾਲ ਦੋ ਮੋਟਰਸਾਈਕਲ ਸਵਾਰਾਂ ਨਾਲ ਬੈਠ ਕੇ ਉੱਥੋਂ ਫ਼ਰਾਰ ਹੋ ਗਿਆ। ਗਿੱਲ ਨੇ ਦੱਸਿਆ ਕਿ ਟੋਲ ਪਲਾਜ਼ਾ ਦੀ ਸੀ.ਸੀ.ਟੀ.ਵੀ. ਫੁਟੇਜ ਤੋਂ ਬਰੇਜ਼ਾ ਗੱਡੀ ਦਾ ਪਤਾ ਲੱਗਾ, ਜਿਸ ਵਿਚ ਅੱਗੇ ਅੰਮ੍ਰਿਤਪਾਲ ਸਿੰਘ ਬੈਠਾ ਹੋਇਆ ਸੀ। ਪੁਲਿਸ ਵੱਲੋਂ ਬਰਾਮਦ ਕੀਤੀ ਬਰੇਜ਼ਾ ਗੱਡੀ ’ਚੋਂ 315 ਬੋਰ ਦੀ ਰਾਈਫ਼ਲ, ਵਾਕੀ ਟਾਕੀ ਅਤੇ ਤਲਵਾਰਾਂ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਨੂੰ ਭਜਾਉਣ ’ਚ ਸੱਤ ਜਣਿਆਂ ਦੀ ਭੂਮਿਕਾ ਸਾਹਮਣੇ ਆਈ ਹੈ, ਜਿਸ ’ਚੋਂ ਚਾਰ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ।

ਆਈ.ਜੀ. ਗਿੱਲ ਨੇ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਵੱਲੋਂ ਇਸ ਮਾਮਲੇ ਦੀ ਜਾਂਚ ਕੀਤੇ ਜਾਣ ਤੋਂ ਇਨਕਾਰ ਕੀਤਾ ਹੈ ਪ੍ਰੰਤੂ ਏਨਾ ਜ਼ਰੂਰ ਕਿਹਾ ਹੈ ਕਿ ਦੂਸਰੇ ਸੂਬਿਆਂ ਅਤੇ ਕੇਂਦਰੀ ਏਜੰਸੀਆਂ ਤੋਂ ਸਹਿਯੋਗ ਮਿਲ ਰਿਹਾ ਹੈ। ਅੰਮ੍ਰਿਤਪਾਲ ਦੇ ਮੌਜੂਦਾ ਹੁਲੀਆ ਬਾਰੇ ਵੀ ਕੋਈ ਜਾਣਕਾਰੀ ਹੋਣ ਤੋਂ ਪੁਲਿਸ ਨੇ ਇਨਕਾਰ ਕੀਤਾ ਹੈ। ਗਿੱਲ ਨੇ ਇਹ ਵੀ ਦੱਸਿਆ ਕਿ ਪੁਲਿਸ ਦੇ ਹੱਥ ਬੁਲੇਟ ਪਰੂਫ਼ ਜੈਕਟਾਂ ਤਾਂ ਲੱਗੀਆਂ ਹਨ ਪ੍ਰੰਤੂ ਉਨ੍ਹਾਂ ਦੀ ਗਿਣਤੀ ਦੱਸਣੀ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਹਾਲਾਤ ਸਥਿਰ ਹਨ ਅਤੇ ਮੁਹਾਲੀ ਦੇ ਸੁਹਾਣਾ ’ਚ ਲੱਗਿਆ ਧਰਨਾ ਵੀ ਖ਼ਤਮ ਹੋ ਗਿਆ ਹੈ। ਪੁਲਿਸ ਲਈ ਵੱਡੀ ਚੁਣੌਤੀ ਹੁਣ ਅੰਮ੍ਰਿਤਪਾਲ ਸਿੰਘ ਦੇ ਉਨ੍ਹਾਂ ਟਿਕਾਣਿਆਂ ਦਾ ਪਤਾ ਲਗਾਉਣਾ ਹੈ, ਜਿਸ ਦਿਸ਼ਾ ਵੱਲ ਅੰਮ੍ਰਿਤਪਾਲ ਮੋਟਰਸਾਈਕਲ ’ਤੇ ਫ਼ਰਾਰ ਹੋਇਆ ਹੈ। ਚੇਤੇ ਰਹੇ ਕਿ ਜਦੋਂ ਦਿੱਲੀ ਦੀਆਂ ਬਰੂਹਾਂ ’ਤੇ ਕਿਸਾਨ ਅੰਦੋਲਨ ਚੱਲ ਰਿਹਾ ਸੀ, ਤਾਂ ਉਦੋਂ ਇਸੇ ਤਰ੍ਹਾਂ ਦੀਪ ਸਿੱਧੂ ਦੇ ਵੀ ਮੋਟਰ ਸਾਈਕਲ ’ਤੇ ਫ਼ਰਾਰ ਹੋਣ ਦੀ ਫੁਟੇਜ ਸਾਹਮਣੇ ਆਈ ਸੀ।

# ਪੁਲਿਸ ਨੇ ਡਿਬਰੂਗੜ੍ਹ ਜੇਲ੍ਹ ਦੀ ਸੁਰੱਖਿਆ ਵਧਾਈ



ਡਿਬਰੂਗੜ੍ਹ ਦੀ ਜੇਲ੍ਹ ’ਚ ਹਰਜੀਤ ਸਿੰਘ ਨੂੰ ਲਿਜਾਂਦੀ ਹੋਈ ਪੁਲਿਸ।

**ਅਸਾਮ, (ਪੰਜਾਬ ਮੇਲ) -** ਅਸਾਮ ਦੀ ਡਿਬਰੂਗੜ੍ਹ ਜੇਲ੍ਹ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ, ਜਿੱਥੇ ਪੰਜਾਬ ਪੁਲਿਸ ਵੱਲੋਂ ਹੁਣ ਤੱਕ ਅੰਮ੍ਰਿਤਪਾਲ ਦੇ ਚਾਚੇ ਹਰਜੀਤ ਸਿੰਘ, ਦਲਜੀਤ ਸਿੰਘ ਕਲਸੀ, ਬਸੰਤ ਸਿੰਘ, ਗੁਰਮੀਤ ਸਿੰਘ ਅਤੇ ਭਗਵੰਤ ਸਿੰਘ ਬਾਜੇਕਾ ਨੂੰ ਭੇਜਿਆ ਜਾ ਚੁੱਕਾ ਹੈ। ਹਰਜੀਤ ਸਿੰਘ ਉਥੋਂ ਦੀ ਜੇਲ੍ਹ ’ਚ ਪੁੱਜਾ ਹੈ। ਡਿਬਰੂਗੜ੍ਹ ਦੀ ਕੇਂਦਰੀ ਜੇਲ੍ਹ ’ਚ ਇਸ ਵੇਲੇ ਕੁੱਲ 461 ਬੰਦੀ ਹੈ ਜਿਨ੍ਹਾਂ ’ਚੋਂ 308 ਵਿਚਾਰ ਅਧੀਨ ਕੈਦੀ ਹਨ।

## ਖ਼ੁਫ਼ੀਆ ਤੰਤਰ ਹੋਇਆ ਫ਼ੇਲ੍ਹ: ਹਾਈ ਕੋਰਟ

ਪੰਜਾਬ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਪਾਲ ਸਿੰਘ ਦੇ ਭੱਜਣ ਦੇ ਮਾਮਲੇ ’ਚ ਪੁਲਿਸ ਨੂੰ ਝਾੜ ਪਾਈ ਹੈ। ਹਾਈ ਕੋਰਟ ਨੇ ਉਂਗਲ ਉਠਾਈ ਕਿ 80 ਹਜ਼ਾਰ ਦੀ ਨਫ਼ਰੀ ਵਾਲੀ ਪੁਲਿਸ ਉਸ ਨੂੰ ਫੜ ਕਿਉਂ ਨਹੀਂ ਸਕੀ ਹੈ। ਉਨ੍ਹਾਂ ਇਸ ਫ਼ਰਾਰੀ ਪਿੱਛੇ ਖ਼ੁਫ਼ੀਆ ਤੰਤਰ ਦੀ ਨਾਕਾਮੀ ਨੂੰ ਜ਼ਿੰਮੇਵਾਰ ਦੱਸਿਆ ਹੈ। ਮਾਮਲੇ ਦੀ ਅਗਲੀ ਸੁਣਵਾਈ 28 ਮਾਰਚ ਨੂੰ ਹੋਵੇਗੀ। ਹਾਈ ਕੋਰਟ ’ਚ ਦਾਇਰ ਹੈਬੀਅਸ ਕੋਰਪਸ ਪਟੀਸ਼ਨ ’ਤੇ ਸੁਣਵਾਈ ਦੌਰਾਨ ਐਡਵੋਕੇਟ ਜਨਰਲ ਵਿਨੋਦ ਘਈ ਨੇ ਪੁਲਿਸ ਤਰਫ਼ੋਂ ਦਾਖ਼ਲ ਹਲਫ਼ੀਆ ਬਿਆਨ ’ਚ ਖ਼ੁਲਾਸਾ ਕੀਤਾ ਹੈ ਕਿ ਅੰਮ੍ਰਿਤਪਾਲ ਸਿੰਘ ’ਤੇ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਲਗਾ ਦਿੱਤਾ ਗਿਆ ਹੈ। ਅਦਾਲਤ ਨੂੰ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਅੰਮ੍ਰਿਤਪਾਲ ਸਿੰਘ ਨਾ ਤਾਂ ਹਿਰਾਸਤ ਵਿਚ ਹੈ ਅਤੇ ਨਾ ਹੀ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਸਟਿਸ ਐੱਨ.ਐੱਸ. ਸ਼ੇਖਾਵਤ ਨੇ ਵਕੀਲ ਇਮਾਨ ਸਿੰਘ ਖਾਰਾ ਵੱਲੋਂ ਦਾਖ਼ਲ ਪਟੀਸ਼ਨ ’ਤੇ ਸੁਣਵਾਈ ਦੌਰਾਨ ਅਦਾਲਤ ਦੀ ਸਹਾਇਤਾ ਲਈ ਵਕੀਲ ਤਨੂ ਬੇਦੀ ਨੂੰ ਅਦਾਲਤੀ ਮਿੱਤਰ ਤਾਇਨਾਤ ਕੀਤਾ। ਏ.ਜੀ. ਮੁਤਾਬਕ ਪੁਲਿਸ ਨੇ ਸਾਰੇ ਅਪਰੇਸ਼ਨ ਦੌਰਾਨ ਸੰਜਮ ਵਰਤਿਆ ਅਤੇ ਕੋਈ ਖ਼ੂਨ-ਖ਼ਰਾਬਾ ਨਹੀਂ ਹੋਇਆ। ਹਾਈ ਕੋਰਟ ਵਿਚ ਅੰਮ੍ਰਿਤਪਾਲ ਦੇ ਮਾਪੇ ਵੀ ਪੁੱਜੇ ਹੋਏ ਸਨ। ਜਸਟਿਸ ਸ਼ੇਖਾਵਤ ਨੇ ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਦੀ ਅਦਾਲਤ ’ਚ ਹਾਜ਼ਰੀ ’ਤੇ ਕਿਹਾ ਕਿ ਉਹ ਇਸ ਮਾਮਲੇ ’ਚ ਧਿਰ ਨਹੀਂ ਹਨ, ਇਸ ਕਰਕੇ ਉਹ ਪਿੱਛੇ ਜਾ ਕੇ ਬੈਠ ਜਾਣ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com



ਅਮਰੀਕਾ ਦੇ ਕਿਸੇ ਵੀ ਤਰ੍ਹਾਂ ਦੇ ਇਮੀਗ੍ਰੇਸ਼ਨ ਸੰਬੰਧੀ ਫਾਰਮ ਭਰਵਾਉਣ ਲਈ ਮਿਲੋ।

# USA

## Immigration Consultant





*We can also help you go get citizenship if you can't speaks English due to medical reason only.*

ਜੇ ਤੁਹਾਨੂੰ ਇੰਗਲਿਸ਼ ਨਹੀਂ ਆਉਂਦੀ, ਅਸੀਂ ਤੁਹਾਨੂੰ ਸਿਟੀਜਨਸ਼ਿਪ ਦੁਆ ਸਕਦੇ ਹਾਂ।

Designed By Punjab Mail USA

- *VISAS*
- *GREEN CARD*
- *CITIZENSHIP*



MALIK AWAN
J.D. (CEO)

*Call for All Kinds of Immigration Services In USA and Pakistan*

+1 (310) 666-2429
malik@averwood.us
www.averwood.us
1851 Heritage Ln. Suite #129
Sacramento, CA 95815 USA

calstate
MORTGAGE
NMLS: 1729528/ DRE 02058505


*We are home loan experts dedicated to making sure your home purchase or refinance experience is top-notch.*

**Purchase Loan and Refinance**
**15 & 30 Yr. Fixed Rates Are Still Better!!! Refinance Now at Zero Cost**

*Ways we help 1st time home buyers:*
- » *Will walk new buyers through the whole loan process*
- » *Fast turn times for pre-approvals and underwriting during the settlement process*
- » *Fannie & Freddie with expanded DTI's*
- » *All Govt programs available for buyers*
- » *Credit scores down to a 600 for FHA and VA buyers*
- » *We have Cheona Down Payment Assistance In-house*
- » *Can also work with Down Payment Assistance programs at the State and County level*
- » *1099, W-2 and Passive income allowed*
- » *100k minimum total loan amount for Primary Purchases*

» ਨਵੇਂ ਜਾਂ ਪੁਰਾਣੇ ਘਰ ਦਾ ਲੋਨ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
» ਘਰ ਰੀਫਾਈਨਾਂਸ ਕਰਾਉਣਾ ਹੋਵੇ ਤਾਂ ਸਾਨੂੰ ਮਿਲੋ।
» ਕਿਸੇ ਵੀ ਤਰ੍ਹਾਂ ਦੇ ਲੋਨ ਸਬੰਧੀ ਸਲਾਹ-ਮਸ਼ਵਰੇ ਲਈ ਕਾਲ ਕਰੋ।







# Preet Kalirai

NMLS: 281660/DRE 02097522

## Mortgage Broker

530 La Sierra Drive, Sacramento, CA 95864

ਸਾਡੇ ਨਾਲ ਪੰਜਾਬੀ ਜਾਂ ਇੰਗਲਿਸ਼ ਵਿਚ ਗੱਲ ਕਰੋ।

916-225-1225

*e: preet@calstatemtg.com • w : https://www.getapproval.com*

Copyright@Punjab Mail USA

# ਪੰਜਾਬ ਸਿੰਆਂ ਪੁੱਤ ਅਤੇ ਹੰਝੂ ਸੰਭਾਲ ਕੇ ਰੱਖੀ-ਕਿਤੇ ਅਣਹੋਣੀ ਨਾ ਹੋ ਜਾਵੇ

ਗੁਰਨੈਬ ਸਾਜਨ ਦਿਉਣ
ਬਠਿੰਡਾ
98889-55757
(Punjab Mail USA)






ਪੰਜਾਬ ਸਿੰਆਂ ਹੈਂ ਕੀ ਚੱਲ ਰਿਹੈ ਤੇਰੇ ਪੰਜਾਬ ਵਿਚ, ਨਾ ਤੈਥੋਂ ਹੰਝੂ ਸਾਂਭੇ ਜਾ ਰਹੇ ਨੇ ਤੇ ਨਾ ਪੁੱਤ, ਦਿਨੋਂ-ਦਿਨ ਜਵਾਨ ਪੁੱਤਾਂ ਦੀਆਂ ਅਰਥੀਆਂ ਉਠ ਰਹੀਆਂ ਨੇ, ਮਾਪਿਆਂ ਦੀਆਂ ਅੱਖਾਂ ਵਿਚੋਂ ਹੰਝੂ ਨਹੀਂ ਰੁੱਕ ਰਹੇ, ਮਾਵਾਂ ਵੈਣ ਪਾਉਂਦੀਆਂ ਪੁੱਤਰਾਂ ਦੀਆਂ ਅਰਥੀਆਂ ਮਗਰ ਜਾ ਰਹੀਆਂ ਨੇ, ਤੇ ਜਿਹੜੇ ਬੁੱਢੇ ਬਾਪੂ ਦੀ ਪੁੱਤਰ ਨੇ ਡੰਗੋਰੀ ਬਣਨਾ ਸੀ, ਅੱਜ ਉਸ ਪੁੱਤਰ ਦੀ ਅਰਥੀ ਬਾਪੂ ਦੇ ਮੋਢੇ ਉੱਪਰ ਜਾ ਰਹੀ ਹੈ। ਤੇਰੇ ਪੰਜਾਬ 'ਚ ਦਿਨ-ਦਿਹਾੜੇ ਗੁੰਡਾਗਰਦੀ ਦਾ ਨੰਗਾ ਨਾਚ ਹੋ ਰਿਹਾ ਹੈ ਤੇ ਕਤਲੋਗਾਰਤ ਦਿਨੋਂ-ਦਿਨ ਵੱਧ ਰਹੀ ਹੈ। ਜਵਾਨ ਪੁੱਤਰਾਂ ਨੂੰ ਫੌਜ ਤੇ ਪੁਲਿਸ ਚੁੱਕ-ਚੁੱਕ ਕੇ ਤੇਰੇ ਘਰ ਤੋਂ ਦੂਰ ਹਕੂਮਤ ਆਪਣੀਆਂ ਜੇਲ੍ਹਾਂ ਵਿਚ ਡੱਕ ਰਹੀ ਹੈ। ਨਸ਼ਾ ਤੇਰੇ ਗੱਭਰੂ ਪੁੱਤਰਾਂ ਦੀ ਨਾੜ-ਨਾੜ ਵਿਚ ਰਚ ਗਿਆ ਹੈ, ਆਪਣੀਆਂ ਨਾਕਾਮੀਆਂ ਲਕੋਣ ਲਈ ਆਮ ਆਦਮੀ ਦੀ ਸਰਕਾਰ ਜੋ ਨੌਜਵਾਨ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢ ਕੇ ਗੁਰੂ ਦੇ ਲੜ ਲਾ ਰਿਹਾ ਸੀ, ਉਸਦੀ ਦੁਸ਼ਮਣ ਬਣੀ ਬੈਠੀ ਹੈ। ਨਾਲੇ ਪੰਜਾਬ ਸਿੰਆਂ, ਦਿੱਲੀ ਨੇ ਤੇਰੀ ਕਦੇ ਨੀਂ ਬਣਨਾ। ਇਹ ਤਾਂ ਤੇਰੇ ਖੂਨ ਦੀ ਮੁੱਢ ਕਦੀਮੋਂ ਪਿਆਸੀ ਰਹੀ ਹੈ। ਗਰਚੇ ਵਰਗੇ ਚੋਬਰ ਜੋ ਇਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਹਦੇ ਨਾਲ ਗੱਲ ਕਰਦੇ ਹਨ। ਇਹਤੋਂ ਜਰੇ ਨੀਂ ਜਾਂਦੇ। ਨਾਲੇ ਚਾਰ-ਪੰਜ ਦਿਨਾਂ ਤੋਂ ਤੇਰੇ ਛਿੰਦੇ ਪੁੱਤਰ ਅੰਮ੍ਰਿਤਪਾਲ ਸਿੰਘ ਖਾਲਸਾ ਦਾ ਸ਼ਿਕਾਰ ਕਰਨ ਲਈ ਧਾੜਾਂ ਦੀਆਂ ਧਾੜਾਂ ਫੌਜ, ਪੁਲਿਸ ਦੀਆਂ ਲੱਗੀਆਂ ਹੋਈਆਂ ਨੇ, ਕਹਿੰਦੇ ਸ਼ੇਰ ਦਾ ਸ਼ਿਕਾਰ ਕਰਨਾ ਹੈ। ਪੰਜਾਬ ਸਿੰਆਂ ਕੋਈ ਅਣਹੋਣੀ ਨਾ ਹੋ ਜਾਵੇ। ਕਹਿੰਦੇ ਵਾਰਸ ਪੰਜਾਬ ਦਾ ਸਾਨੂੰ ਚਕਮਾ ਦੇ ਕੇ ਭੱਜ ਗਿਆ, ਸਰਕਾਰਾਂ ਝੂਠ ਬੋਲਦੀਆਂ ਨੇ। ਲਾਹਣਤੀਓ ਸਿੰਘ ਭੱਜਦੇ ਨੀਂ ਹੁੰਦੇ, ਜਾਨ ਦੇ ਦਿੰਦੇ ਨੇ। ਸੈਂਕੜੇ ਤੇਰੇ ਕੜੀਆਂ ਵਰਗੇ ਚੋਬਰ ਜੇਲ੍ਹੀਂ ਸੁੱਟ ਚੁੱਕੀ ਹੈ, ਦਿੱਲੀ ਨਾਲ ਜੀਹਨੂੰ ਤੂੰ ਤਖ਼ਤ ਉੱਪਰ ਬੈਠਾਇਆ ਸੀ, ਉਹ ਰਲ ਗਿਆ ਹੈ, ਕਾਨੂੰਨ ਵੀ ਐਸੇ ਬਣਾਏ ਕਿ ਨਾ ਅਪੀਲ, ਨਾ ਦਲੀਲ ਤੇ ਨਾ ਵਕੀਲ, ਸਾਲਾਂਬੱਧੀ ਜ਼ਮਾਨਤ ਵੀ ਨਹੀਂ ਹੋਣੀ। ਪੰਜਾਬ ਸਿੰਆਂ ਸੰਭਾਲ ਲਏ ਆਪਣੇ ਪੁੱਤਰਾਂ ਨੂੰ, ਕਿੱਧਰ ਗਏ ਤੇਰੇ ਹਰੀ ਸਿੰਘ ਨਲੂਏ ਵਰਗੇ, ਸ਼ਾਮ ਸਿੰਘ ਅਟਾਰੀ ਵਰਗੇ ਜਿਨ੍ਹਾਂ ਦੇ ਨਾਂਅ ਤੋਂ ਵੀ ਜ਼ਾਲਮਾਂ ਦਾ ਤਖ਼ਤ ਡੋਲ ਜਾਂਦਾ ਸੀ। ਕਿੱਧਰ ਗਏ ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਅਤੇ ਭਗਤ ਸਿੰਘ ਦੇ ਵਾਰਸ ਐਨੇ ਜਿਗਰੇ ਵਾਲੇ ਗ਼ੈਰਤਮੰਦ, ਕਿਧਰ ਗਏ ਮੁਗਧਰ ਚੁੱਕਣ ਵਾਲੇ, ਚੱਕੀ ਦੇ ਪੁੜ ਵਰਗੀ ਛਾਤੀ ਦੇ ਮਾਲਕ, ਪੰਜਾਬ ਸਿੰਆਂ ਵੱਡੇ-ਵੱਡੇ ਜਰਵਾਣੇ ਅਹਿਮਦ ਸ਼ਾਹ ਅਬਦਾਲੀ, ਜਾਬਰ, ਬਾਬਰ ਮੀਰ ਮੰਨੂ ਵੀ ਤੇਰੇ 'ਤੇ ਚੜ੍ਹਕੇ ਆਏ ਪਰ ਤੇਰੇ ਜਾਇਆਂ ਨੇ ਮੁਕਾਬਲਾ ਕਰਕੇ ਜ਼ਾਲਮਾਂ ਨੂੰ ਲੋਹੇ ਦੇ ਐਸੇ ਚਣੇ ਚਬਾਏ ਕਿ ਉਨ੍ਹਾਂ ਦੀਆਂ ਪੀੜ੍ਹੀਆਂ ਨੇ ਪੰਜਾਬ ਸਿੰਆਂ ਤੇਰੇ ਵੱਲ ਮੂੰਹ ਵੀ ਨਹੀਂ ਕੀਤਾ ਕਦੇ।

ਪਰ ਹੁਣ ਤੇਰੇ ਵਾਰਸਾਂ ਨੂੰ ਬੇਸਮਝ ਸਮੇਂ ਦੀਆਂ ਸਰਕਾਰਾਂ ਵੰਗਾਰ ਰਹੀਆਂ ਹਨ, ਤੇਰੇ ਆਪਣੇ ਜੀਹਨੂੰ ਤੂੰ ਤਖ਼ਤ ਉੱਪਰ ਬੈਠਾਇਆ, ਉਹ ਵੀ ਤੇਰੀ ਦੁਸ਼ਮਣ ਦਿੱਲੀ ਨਾਲ ਰਲ ਗਏ ਹਨ। ਇੱਕ ਛੋਟੀ ਜਿਹੀ ਸਰਿੰਜ ਸੂਈ ਤੇ ਚਿੱਟੇ ਦੇ ਨਸ਼ੇ ਨੇ ਚਿੱਤ ਕਰਕੇ ਰੱਖ ਦਿੱਤਾ ਇਨ੍ਹਾਂ ਤੇਰੇ ਸ਼ੇਰ ਪੁੱਤਰਾ ਨੂੰ। ਕੋਈ ਗੱਲ ਨੀਂ ਪੰਜਾਬ ਸਿੰਆਂ ਫ਼ਿਕਰ ਨਾ ਕਰੀਂ, ਕੁੱਝ ਨੀ ਵਿਗਾੜ ਸਕਦਾ ਕੋਈ ਤੇਰਾ। ਮੇਰੀ ਤੇਰੇ ਨਾਲ ਦਿਲੀ ਹਮਦਰਦੀ ਹੈ। ਤੂੰ ਇਕੱਲਾ ਨਹੀਂ, ਤੇਰੇ ਨਾਲ ਰਾਜਿਆਂ ਨੂੰ ਕੁੱਤੇ ਕਹਿਣ ਵਾਲਾ ਜਗਤ ਗੁਰੂ ਬਾਬਾ ਨਾਨਕ ਪਾਤਸ਼ਾਹ ਜੀ ਵੀ ਹੈ ਤੇ ਬਾਜਾਂ ਵਾਲਾ ਦਸ਼ਮੇਸ਼ ਪਿਤਾ ਵੀ ਤੇਰੇ ਤੇ ਤੇਰੇ ਪੁੱਤਰਾਂ ਦੇ ਅੰਗ-ਸੰਗ ਰਹੇਗਾ। ਚੰਗਾ ਫੇਰ ਜਲਦੀ ਮਿਲਦੇ ਆਂ, ਰੱਬ ਰਾਖਾ।

## ਬੈਂਕ ਧੋਖਾਧੜੀ ਮਾਮਲਾ: ਸੀ.ਬੀ.ਆਈ. ਵੱਲੋਂ ਚੋਕਸੀ ਖ਼ਿਲਾਫ਼ 'ਰੈੱਡ ਨੋਟਿਸ' ਦੀ ਬਹਾਲੀ ਦੀ ਮੰਗੀ




ਨਵੀਂ ਦਿੱਲੀ, (ਪੰਜਾਬ ਮੇਲ)- ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਪੰਜਾਬ ਨੈਸ਼ਨਲ ਬੈਂਕ ਤੋਂ 13,000 ਕਰੋੜ ਰੁਪਏ ਦੇ ਬੈਂਕ ਧੋਖਾਧੜੀ ਮਾਮਲੇ ਵਿਚ ਲੋੜੀਂਦੇ ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਖ਼ਿਲਾਫ਼ 'ਰੈੱਡ ਨੋਟਿਸ' ਬਹਾਲ ਕਰਨ ਲਈ 'ਕਮਿਸ਼ਨ ਫਾਰ ਕੰਟਰੋਲ ਆਫ ਇੰਟਰਪੋਲ ਫਾਈਲਜ਼' (ਸੀ.ਸੀ.ਐੱਫ.) ਕੋਲ ਪਹੁੰਚ ਕੀਤੀ ਹੈ। ਜਾਂਚ ਏਜੰਸੀ ਨੇ ਇੱਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ। ਇੰਟਰਪੋਲ ਨੇ ਸੀ.ਬੀ.ਆਈ. ਅਤੇ ਈ.ਡੀ. ਦੀ ਬੇਨਤੀ 'ਤੇ 2018 ਵਿਚ ਚੋਕਸੀ ਖ਼ਿਲਾਫ਼ ਰੈੱਡ ਨੋਟਿਸ ਜਾਰੀ ਕੀਤਾ ਸੀ। ਇਸ ਖ਼ਿਲਾਫ਼ ਚੋਕਸੀ ਦੀ ਅਪੀਲ 2020 ਵਿਚ ਖਾਰਜ ਕਰ ਦਿੱਤੀ ਗਈ ਸੀ। ਏਜੰਸੀ ਨੇ ਕਿਹਾ ਕਿ ਕਥਿਤ ਅਗਵਾ ਕਰਨ ਦੀ ਕੋਸ਼ਿਸ਼ ਦੇ ਲਗਪਗ ਇੱਕ ਸਾਲ ਬਾਅਦ 2022 ਵਿਚ ਚੋਕਸੀ ਨੇ 2020 ਦੇ ਸੀ.ਸੀ.ਐੱਫ. ਦੇ ਪਹਿਲੇ ਫ਼ੈਸਲੇ 'ਚ ਸੋਧ ਕਰਨ ਲਈ ਉਸ ਨਾਲ ਸੰਪਰਕ ਕੀਤਾ। ਸੀ.ਸੀ.ਐੱਫ. ਇੰਟਰਪੋਲ ਵਿੱਚਲੀ ਇੱਕ ਵੱਖਰੀ ਸੰਸਥਾ ਹੈ, ਜੋ ਇੰਟਰਪੋਲ ਸਕੱਤਰੇਤ ਅਧੀਨ ਨਹੀਂ ਹੈ। ਏਜੰਸੀ ਨੇ ਕਿਹਾ, "ਗੈਰ-ਪ੍ਰਮਾਣਿਤ ਅਨੁਮਾਨਾਂ ਦੇ ਆਧਾਰ 'ਤੇ ਪੰਜ ਮੈਂਬਰੀ ਸੀ.ਸੀ.ਐੱਫ. ਚੈਂਬਰ ਨੇ ਨਵੰਬਰ 2022 ਵਿਚ ਰੈੱਡ ਨੋਟਿਸ ਹਟਾਉਣ ਦਾ ਫੈਸਲਾ ਕੀਤਾ।" ਸੀ.ਸੀ.ਐੱਫ. ਨੇ ਬਾਅਦ ਵਿਚ ਸੀ.ਬੀ.ਆਈ. ਨੂੰ ਸਪੱਸ਼ਟ ਕੀਤਾ ਕਿ ਉਸ ਦਾ ਫੈਸਲਾ ਕਿਸੇ ਵੀ ਤਰ੍ਹਾਂ ਚੋਕਸੀ ਦੇ ਕਿਸੇ ਵੀ ਅਪਰਾਧ ਜਾਂ ਨਿਰਦੋਸ਼ਤਾ 'ਤੇ ਕੋਈ ਅਸਰ ਨਹੀਂ ਪਾਉਂਦਾ।


### 'ਵਿਰੋਧੀਆਂ ਨੂੰ ਸੀ.ਬੀ.ਆਈ. ਤੇ ਮਿੱਤਰਾਂ ਨੂੰ ਰਿਹਾਈ'

**ਨਵੀਂ ਦਿੱਲੀ:** ਕਾਂਗਰਸ ਨੇ ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਦਾ ਨਾਮ ਇੰਟਰਪੋਲ ਦੇ 'ਰੈੱਡ ਨੋਟਿਸ' ਹਟਾਏ ਜਾਣ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਦੋਸ਼ ਲਾਇਆ ਕਿ ਵਿਰੋਧੀ ਆਗੂਆਂ ਖ਼ਿਲਾਫ਼ ਈ.ਡੀ. ਅਤੇ ਸੀ.ਬੀ.ਆਈ. ਨੂੰ ਵਰਤਿਆ ਜਾਂਦਾ ਹੈ ਪਰ ਪਰ ਚੋਕਸੀ ਨੂੰ ਇੰਟਰਪੋਲ ਤੋਂ ਰਿਹਾਅ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਟਵੀਟ ਕੀਤਾ, "ਵਿਰੋਧੀਆਂ ਨੂੰ ਈ.ਡੀ., ਸੀ.ਬੀ.ਆਈ. ਤੇ ਮਿੱਤਰਾਂ ਨੂੰ ਰਿਹਾਈ। 'ਮੋਡਾਨੀ ਮਾਡਲ' ਮਤਲਬ ਪਹਿਲਾਂ ਲੁੱਟੋ, ਫਿਰ ਬਿਨਾਂ ਸਜ਼ਾ ਦੇ ਛੁੱਟੋ।" ਇਸੇ ਤਰ੍ਹਾਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਟਵੀਟ ਕੀਤਾ, "ਵਿਰੋਧੀ ਆਗੂਆਂ ਲਈ ਈ.ਡੀ.-ਸੀ.ਬੀ.ਆਈ. ਪਰ ਮੋਦੀ ਜੀ ਦੇ 'ਸਾਡੇ ਮੇਹੁਲ ਭਾਈ' ਲਈ ਇੰਟਰਪੋਲ ਤੋਂ ਰਿਹਾਈ। ਜੇ 'ਪਿਆਰੇ ਦੋਸਤ' ਲਈ ਸੰਸਦ ਠੱਪ ਹੋ ਸਕਦੀ ਹੈ, ਤਾਂ 'ਪੁਰਾਣੇ ਮਿੱਤਰ' ਦੀ ਮਦਦ ਤੋਂ ਕਿਵੇਂ ਇਨਕਾਰ ਕੀਤਾ ਜਾ ਸਕਦਾ ਹੈ।"

Global Allianz
LAW FIRM LLP
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ 'ਤੇ ਸੱਟ ਲਗਣਾ
ਕਾਨੂੰਨੀ ਸਲਾਹਾਂ

Atul Kapoor
C.E.O
Asylum & Deportation Defense

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

KAMBOJ AYURVEDIC & HERBS
ਆਯੁਰਵੈਦਿਕ ਜੜ੍ਹੀ-ਬੂਟੀਆਂ

- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖ਼ੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਘ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ
Open 10AM–6PM
ਕੈਂਸਰ ਦਾ ਇਲਾਜ
524 S. Clovis Ave, Fresno, CA 93727
559-341-9252

Kharati Kamboj
Ayurvedic Prescription

# ਲਗੇਂਗੇ ਸ਼ਹੀਦੋਂ ਕੀ ਚਿਤਾਓਂ ਪਰ ਮੇਲੇ



-ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ
ਵਾਲਾ, ਤਹਿ ਅਤੇ ਜ਼ਿਲ੍ਹਾ-ਬਠਿੰਡਾ
ਮੋਬਾਇਲ : 70873-67969
(Punjab Mail USA)



ਸ਼ਹੀਦ ਭਗਤ ਸਿੰਘ ਇੱਕ ਨਿਡਰ ਅਤੇ ਬਹਾਦਰ ਕ੍ਰਾਂਤੀਕਾਰੀ ਹੀ ਨਹੀਂ, ਸਗੋਂ ਅਜੋਕੇ ਨੌਜਵਾਨਾਂ ਦੇ ਆਦਰਸ਼ ਵੀ ਹਨ। ਫ਼ਰਕ ਸਿਰਫ਼ ਇਹ ਹੈ ਕਿ ਭਗਤ ਸਿੰਘ ਨੂੰ ਕੇਵਲ ਬੰਦੂਕਾਂ ਵਾਲਾ ਹੀ ਦਿਖਾਇਆ ਜਾਂਦਾ ਹੈ ਪਰ ਉਹਦੀਆਂ ਲਿਖੀਆਂ ਲਿਖਤਾਂ, ਕਿਤਾਬਾਂ ਨੂੰ ਹਮੇਸ਼ਾ ਅੱਖੋਂ-ਪਰੋਖੇ ਕੀਤਾ ਜਾਂਦਾ ਹੈ। ਡਰ ਇਹ ਹੈ ਕਿ ਸ਼ਾਇਦ ਅਜੋਕੀ ਨੌਜਵਾਨ ਪੀੜ੍ਹੀ ਭਗਤ ਸਿੰਘ ਦੇ ਆਦਰਸ਼ਾਂ ’ਤੇ ਚੱਲ ਕੇ ਦੇਸ਼ ਵਿਚ ਫੈਲੇ ਜਬਰ ਜ਼ੁਲਮ ਅਤੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਨਾ ਕਰ ਸਕੇ, ਇਸੇ ਕਰਕੇ ਕਈ ਪਾਠ ਪੁਸਤਕਾਂ ਵਿਚ ਭਗਤ ਸਿੰਘ ਨੂੰ ਆਤੰਕਵਾਦੀ ਵੀ ਕਿਹਾ ਗਿਆ ਹੈ। ਇਹ ਸਮੇਂ ਦੀ ਸਰਕਾਰਾਂ ਅਤੇ ਸਾਡੇ ਲਈ ਬਹੁਤ ਸ਼ਰਮ ਦੀ ਗੱਲ ਹੈ ਕਿ ਅਸੀਂ ਉਨ੍ਹਾਂ ਨੂੰ ਬਣਦਾ ਮਾਨ-ਸਨਮਾਨ ਤਾਂ ਕੀ ਦੇਣਾ ਸੀ, ਹਜੇ ਤੱਕ ਸ਼ਹੀਦ ਦਾ ਦਰਜਾ ਵੀ ਨਹੀਂ ਦਿਵਾ ਸਕੇ।

ਜੋ ਜੀਵ-ਜੰਤੂ, ਪੇੜ-ਪੌਦੇ ਉਪਜਦੇ ਹਨ, ਪੁੰਗਰ ਕੇ ਵੱਡੇ ਹੁੰਦੇ ਹਨ। ਸਮੇਂ ਦੀ ਰਫਤਾਰ ਨਾਲ ਆਪਣੀ ਆਪਣੀ ਉਮਰ ਭੋਗਦੇ ਹੋਏ ਖ਼ਤਮ ਹੋ ਜਾਂਦੇ ਹਨ ਪਰ ਉਨ੍ਹਾਂ ਸਾਰਿਆਂ ਵਿਚੋਂ ਮਨੁੱਖੀ ਜਾਮਾ ਬੜਾ ਅਨਮੋਲ ਮੰਨਿਆ ਜਾਂਦਾ ਹੈ।

ਗੁਰਬਾਣੀ ਦੇ ਨਾਲ਼-ਨਾਲ਼ ਸਾਰੇ ਧਰਮਾਂ ਨੇ ਮਨੁੱਖੀ ਜੀਵਨ ਨੂੰ ਉੱਤਮ ਦੱਸਦੇ ਹੋਏ ਵਡਿਆਇਆ ਹੈ। ਧਾਰਮਿਕ ਗ੍ਰੰਥਾਂ ਵਿਚ ਦਰਜ ਕਥਨਾਂ ਅਤੇ ਵਿਚਾਰਾਂ ਅਨੁਸਾਰ ਚੁਰਾਸੀ ਕਰੋੜ ਜੂਨੀਆਂ ਵਿਚੋਂ ਮਨੁੱਖੀ ਜੀਵਨ ਅਨਮੋਲ ਅਤੇ ਕੀਮਤੀ ਮੰਨਿਆ ਜਾਂਦਾ ਹੈ। ਜਿਸਨੇ ਜਨਮ ਲਿਆ ਹੈ, ਇੱਕ ਨਾ ਇੱਕ ਦਿਨ ਉਸ ਨੂੰ ਮੌਤ ਦਾ ਬੁਲਾਵਾ ਵੀ ਜ਼ਰੂਰ ਆਵੇਗਾ। ਇਹ ਦੁਨੀਆਂ ਰੇਲਵੇ ਦੇ ਜੰਕਸ਼ਨ ਦੀ ਤਰ੍ਹਾਂ ਹੈ, ਜਿੱਥੇ ਇੱਕ ਗੱਡੀ ਆਉਂਦੀ ਹੈ ਤੇ ਦੂਜੀ ਚਲੀ ਜਾਂਦੀ ਹੈ। ਇਹ ਆਉਣ ਜਾਣ ਦਾ ਸਿਲਸਿਲਾ ਸਦੀਆਂ ਤੋਂ ਇਸੇ ਤਰ੍ਹਾਂ ਜਾਰੀ ਹੈ ਅਤੇ ਭਵਿੱਖ ਵਿਚ ਵੀ ਇਸੇ ਤਰ੍ਹਾਂ ਜਾਰੀ ਰਹੇਗਾ। ਜੋ ਵਿਅਕਤੀ ਆਪਣੇ ਲੋੜਾਂ ਦੀ ਪੂਰਤੀ ਲਈ ਜਿਉਂਦਾ ਹੈ, ਉਹ ਵੀ ਪੰਜ ਤੱਤਾਂ ਵਿਚ ਵਿਲੀਨ ਹੁੰਦਾ ਹੈ ਪਰ ਜੋ ਵਿਅਕਤੀ ਦੂਜਿਆਂ ਦੀ ਸਹਾਇਤਾ ਅਤੇ ਰੱਖਿਆ ਕਰਦਾ ਹੋਇਆ ਸ਼ਹੀਦੀ ਦਾ ਜਾਮ ਪੀ ਜਾਂਦਾ ਹੈ, ਉਹ ਸ਼ਹੀਦ ਕਹਾਉਂਦਾ ਹੈ ਅਤੇ ਪੂਰੀ ਮਾਨਵਤਾ ਲਈ ਉਹ ਸਤਿਕਾਰ ਅਤੇ ਸ਼ਲਾਘਾ ਦਾ ਪਾਤਰ ਬਣਦਾ ਹੈ ਅਤੇ ਪੀੜ੍ਹੀ ਦਰ ਪੀੜ੍ਹੀ ਉਨ੍ਹਾਂ ਨੂੰ ਸਿਜਦਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਲਾਸਾਨੀ ਸ਼ਹਾਦਤਾਂ ਨੂੰ ਯਾਦ ਕੀਤਾ ਜਾਂਦਾ ਹੈ।

ਮਾਨਵਤਾ ਦੀ ਸੇਵਾ ਕਰਦੇ ਹੋਏ ਜ਼ੁਲਮ ਨਾਲ ਜੂਝਦੇ ਹੋਏ ਬਲੀਦਾਨ ਦੇਣਾ ਕੋਈ ਸੌਖਾ ਕੰਮ ਨਹੀਂ ਪਰ ਪੰਜਾਬ ਪੰਜਾਬੀ ਕੌਮ ਬਹਾਦਰਾਂ ਦੀ ਕੌਮ ਹੈ। ਪੰਜਾਬ ਦੇ ਧਰਤੀ ’ਤੇ ਸਮੇਂ-ਸਮੇਂ ’ਤੇ ਅਜਿਹੇ ਸੂਰਬੀਰ ਯੋਧੇ ਜਨਮ ਲੈਂਦੇ ਹਨ, ਜੋ ਜ਼ੁਲਮ ਦੀ ਹਕੂਮਤ ਦੀ ਇੱਟ ਨਾਲ ਇੱਟ ਖੜਕਾ ਦਿੰਦੇ ਹਨ।

ਪ੍ਰੋ. ਪੂਰਨ ਸਿੰਘ ਜੀ ਦੇ ਅਨੁਸਾਰ ਪੰਜਾਬ ਜਿਉਂਦਾ ਗੁਰਾਂ ਦੇ ਨਾਮ ’ਤੇ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਗੁਰਾਂ ਦਾ ਨਾਮ ਹੀ ਇਨ੍ਹਾਂ ਲਈ ਤਾਕਤ ਹੈ। ਸ਼ਹੀਦੀ ਜਾਮ ਪੀਣ ਵਾਲਾ ਅਮਰ ਹੋ ਜਾਂਦਾ ਹੈ, ਉਸ ਦਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ ’ਤੇ ਦਰਜ ਹੋ ਜਾਂਦਾ ਹੈ। ਉਸ ਨੂੰ ਜਨਮ ਦਿਨ ਅਤੇ ਬਰਸੀਂ ’ਤੇ ਯਾਦ ਕਰ ਲਿਆ ਜਾਂਦਾ ਹੈ। ਲੋੜੀਂਦੇ ਖ਼ਾਨਾਪੂਰਤੀ ਲਈ ਪ੍ਰੋਗਰਾਮ ਵੀ ਉਲੀਕੇ ਜਾਂਦੇ ਹਨ, ਜੋ ਖਬਰਾਂ ਦੀਆਂ ਸੁਰਖੀਆਂ ਅਤੇ ਅਖਬਾਰਾਂ ਦੀ ਸ਼ਾਨ ਬਣਦੇ ਹਨ, ਵੱਡੇ-ਵੱਡੇ ਫਲੈਕਸ ਬੋਰਡ ਅਤੇ ਪੋਸਟਰ ਲਾ ਕੇ ਸ਼ਰਧਾਂਜਲੀਆਂ ਦਿੱਤੀਆਂ ਜਾਂਦੀਆਂ ਹਨ ਪਰ ਕਦੇ ਸੋਚਿਆ ਹੈ ਕਿ ਉਨ੍ਹਾਂ ਦੀ ਆਤਮਾ ਸਾਡੇ ਕੋਲੋਂ ਖੁਸ਼ ਹੈ, ਹਰਗਿਜ਼ ਨਹੀਂ। ਸ਼ਹੀਦਾਂ ਦੀ ਆਤਮਾ ਸਾਨੂੰ ਹਰ ਰੋਜ਼ ਪੁਕਾਰਦੀ ਹੈ, ਆਪਣੀਂ ਸ਼ਹਾਦਤ ਦਾ ਵਾਸਤਾ ਪਾਉਂਦੀ ਹੈ, ਉਨ੍ਹਾਂ ਦੇ ਰਹਿੰਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਾਨੂੰ ਹਰ ਰੋਜ਼ ਝੰਜੋੜਦੀ ਹੈ।

ਜਿਹੜੇ ਉਨ੍ਹਾਂ ਨੇ ਆਪਣੇ ਦੇਸ਼ ਦੀ ਖੁਸ਼ਹਾਲੀ ਲਈ ਸੁਪਨੇ ਦੇਖੇ ਸਨ, ਜਿਨ੍ਹਾਂ ਲਈ ਉਨ੍ਹਾਂ ਨੇ ਸ਼ਹੀਦੀਆਂ ਦਾ ਜਾਮ ਪੀਤਾ, ਉਨ੍ਹਾਂ ਨੂੰ ਪੂਰਾ ਕਰਨ ਲਈ ਸਮੁੱਚੀ ਮਾਨਵਤਾ ਨੂੰ ਇਕਜੁੱਟ ਹੋਣਾ ਹੋਵੇਗਾ। ਸ਼ਹੀਦਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ, ਉਨ੍ਹਾਂ ਦੇ ਇਤਿਹਾਸ ਅਤੇ ਯਾਦਗਾਰਾਂ ਨੂੰ ਸੰਭਾਲਣਾ ਕੇਵਲ ਸਰਕਾਰ ਜਾਂ ਇਤਿਹਾਸਕਾਰਾਂ ਦਾ ਨਹੀਂ, ਸਗੋਂ ਸਾਡਾ ਸਾਰਿਆਂ ਦਾ ਫਰਜ਼ ਹੈ। ਸ਼ਹੀਦਾਂ ਦੇ ਪਰਿਵਾਰਾਂ ਦੀ ਲੋੜੀਂਦੀ ਸਹਾਇਤਾ ਕੀਤੀ ਜਾਵੇ। ਸ਼ਹੀਦਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਦਿਖਾਏ ਰਸਤਿਆਂ ’ਤੇ ਚੱਲਣਾ ਜ਼ਰੂਰੀ ਅਤੇ ਸਮੇਂ ਦੀ ਲੋੜ ਹੈ, ਤਾਂ ਜੋ ਸ਼ਹੀਦਾਂ ਦੀ ਕੁਰਬਾਨੀਆਂ ਨੂੰ ਬੂਰ ਪੈ ਸਕੇ ਅਤੇ ਉਨ੍ਹਾਂ ਦੀ ਆਤਮਾ ਨੂੰ ਸੁਕੂਨ ਮਿਲ ਸਕੇ। ਇਹੀ ਸਾਡੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।



# ਅਸੀਂ ਕਿੰਨੇ ਅਸੰਵੇਦਨਸ਼ੀਲ ਹੋ ਗਏ ਹਾਂ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)



ਕੁਝ ਦਿਨ ਪਹਿਲਾਂ ਹੋਲੇ-ਮਹੱਲੇ ਸਮੇਂ ਇੱਕ ਬਹੁਤ ਹੀ ਦਰਦਨਾਕ ਘਟਨਾ ਵਾਪਰੀ ਹੈ, ਜਿਸ ਵਿਚ ਕੈਨੇਡਾ ਤੋਂ ਆਏ ਪ੍ਰਦੀਪ ਸਿੰਘ ਨਾਮਕ ਇੱਕ ਨੌਜਵਾਨ ਦਾ ਸ਼ਰੇਆਮ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ ਹੈ। ਪਰ ਇਸ ਘਟਨਾ ਦਾ ਸਭ ਤੋਂ ਸ਼ਰਮਨਾਕ ਪਹਿਲੂ ਇੱਕ ਹੈ ਕਿ ਲੋਕਾਂ ਦਾ ਹਜ਼ੂਮ ਇਸ ਘਟਨਾ ਦਾ ਪੂਰਾ ਮਜ਼ਾ ਲੈ ਰਿਹਾ ਸੀ ਤੇ ਅੱਧੇ ਤੋਂ ਵੱਧ ਲੋਕ ਉਸ ਨੌਜਵਾਨ ਦਾ ਬਚਾਅ ਕਰਨ ਦੀ ਬਜਾਏ ਆਪੋ ਆਪਣੇ ਮੋਬਾਇਲਾਂ 'ਤੇ ਉਸ ਦੀ ਮਾਰ-ਕੁਟਾਈ ਦੀ ਵੀਡੀਉ ਬਣਾਉਣ ਵਿਚ ਰੁੱਝੇ ਹੋਏ ਸਨ। ਇਸੇ ਤਰ੍ਹਾਂ ਦੀ ਇੱਕ ਘਟਨਾ ਵਿਚ ਸੱਤ ਕੁ ਮਹੀਨੇ ਪਹਿਲਾਂ ਯੂ.ਪੀ. ਦੇ ਗਾਜ਼ੀਆਬਾਦ ਸ਼ਹਿਰ ਵਿਚ ਦੋ ਬਦਮਾਸ਼ਾਂ ਨੇ ਅਜੇ ਨਾਮਕ ਇੱਕ ਵਿਅਕਤੀ ਨੂੰ ਸ਼ਰੇਆਮ ਚੱਲਦੀ ਸੜਕ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਨੇੜੇ ਤੋਂ ਆਰਾਮ ਨਾਲ ਟਰੈਫਿਕ ਚੱਲਦੀ ਰਹੀ ਤੇ ਬੇਸ਼ਰਮ ਤਮਾਸ਼ਬੀਨ ਉਸ ਦੀ ਮਦਦ ਕਰਨ ਜਾਂ ਪੁਲਿਸ ਤੇ ਐਂਬੂਲੈਂਸ ਨੂੰ ਬੁਲਾਉਣ ਦੀ ਬਜਾਏ ਮਾਰ-ਕੁਟਾਈ ਦੀਆਂ ਵੀਡੀਉ ਬਣਾਉਂਦੇ ਰਹੇ। ਉਨ੍ਹਾਂ ਨੂੰ ਅਜੇ ਨੂੰ ਬਚਾਉਣ ਨਾਲੋਂ ਫੇਸਬੁੱਕ 'ਤੇ ਲਾਈਕ ਲੈਣ ਦੀ ਜ਼ਿਆਦਾ ਫਿਕਰ ਸੀ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਆਵਿਸ਼ਕਾਰ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਜ਼ਰੂਰੀ ਦਸਤਾਵੇਜ਼, ਫੋਟੋਆਂ, ਖਬਰਾਂ, ਫਿਲਮਾਂ ਅਤੇ ਈਮੇਲ ਆਦਿ ਸਕਿੰਟਾਂ ਵਿਚ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਭੇਜੇ ਜਾ ਸਕਦੇ ਹਨ। ਸੰਸਾਰ ਦੇ ਕਿਸੇ ਵੀ ਦੇਸ਼ ਤੋਂ ਫਰੀ ਆਡਿਉ ਜਾਂ ਵੀਡੀਉ ਕਾਲ ਹੋ ਜਾਂਦੀ ਹੈ। ਪਰ ਇਹ ਗੱਲਾਂ ਸਾਡੇ ਦੇਸ਼ ਦੇ ਵਿਹਲੜਾਂ 'ਤੇ ਲਾਗੂ ਨਹੀਂ ਹੁੰਦੀਆਂ, ਇਹ ਤਾਂ ਸੋਸ਼ਲ ਮੀਡੀਆਂ ਦੀ ਵਰਤੋਂ ਹੋਰ ਹੀ ਕੰਮਾਂ ਲਈ ਕਰ ਰਹੇ ਹਨ।

ਕੁਝ ਦਿਨ ਪਹਿਲਾਂ ਬਿਹਾਰ ਦੇ ਇੱਕ ਪੱਤਰਕਾਰ ਨੇ ਤਾਂ ਕਮਾਲ ਹੀ ਕਰ ਦਿੱਤਾ ਸੀ। ਉਸ ਨੇ ਦੋ ਵਿਅਕਤੀਆਂ ਨੂੰ ਪੱਟੀਆਂ ਆਦਿ ਬੰਨ੍ਹ ਕੇ ਇੱਕ ਵੀਡੀਉ ਤਿਆਰ ਕਰ ਲਈ ਕਿ ਉਹ ਤਾਮਿਨਾਡੂ ਵਿਖੇ ਮਜ਼ਦੂਰੀ ਕਰਦੇ ਹਨ ਤੇ ਉਨ੍ਹਾਂ 'ਤੇ ਤਾਮਿਲਾਂ ਨੇ ਫਿਰਕੂ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਦੇ ਦਰਜ਼ਨਾਂ ਸਾਥੀ ਮਾਰੇ ਗਏ ਹਨ ਤੇ ਸੈਂਕੜੇ ਜ਼ਖਮੀ ਹਨ। ਵਿਹਲੜਾਂ ਨੇ ਬਿਨਾਂ ਸੋਚੇ ਸਮਝੇ ਇਹ ਵੀਡੀਉ ਸਾਰੇ ਭਾਰਤ ਵਿਚ ਫੈਲਾ ਦਿੱਤੀ। ਤਾਮਿਲਨਾਡੂ ਵਿਚ ਹਫੜਾ-ਦਫੜੀ ਫੈਲ ਗਈ ਤੇ ਹਜ਼ਾਰਾਂ ਬਿਹਾਰੀ ਮਜ਼ਦੂਰ ਡਰਦੇ ਮਾਰੇ ਕੰਮਕਾਜ ਛੱਡ ਕੇ ਰੇਲਵੇ ਸਟੇਸ਼ਨਾਂ 'ਤੇ ਪਹੁੰਚ ਗਏ। ਇਸ ਅਫਵਾਹ ਨੂੰ ਰੋਕਣ ਲਈ ਬਿਹਾਰ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀਆਂ ਨੂੰ ਦਖਲ ਦੇਣਾ ਪਿਆ, ਤਾਂ ਕਿਤੇ ਜਾ ਕੇ 10-15 ਦਿਨਾਂ ਬਾਅਦ ਮਾਹੌਲ ਸ਼ਾਂਤ ਹੋਇਆ। ਹੁਣ ਉਸ ਪੱਤਰਕਾਰ ਅਤੇ ਉਸ ਦੇ ਮੂਰਖ ਸਾਥੀਆਂ 'ਤੇ ਮੁਕੱਦਮਾ ਦਰਜ ਹੋ ਗਿਆ ਤੇ ਉਹ ਜੇਲ੍ਹ ਯਾਤਰਾ ਕਰ ਰਹੇ ਹਨ। ਜੇ ਕਿਤੇ ਸੜਕ ਹਾਦਸੇ ਵਿਚ ਕੋਈ ਬਦਨਸੀਬ ਮਰਿਆ ਪਿਆ ਹੋਵੇ, ਤਾਂ ਇਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਹੈ। ਮਦਦ ਕਰਨ ਦੀ ਬਜਾਏ ਨੁੱਚੜਦੇ ਖ਼ੂਨ ਤੇ ਫਿਸੇ ਹੋਏ ਸਿਰਾਂ ਵਾਲੀਆਂ ਦਰਦਨਾਕ ਫੋਟੋਆਂ ਸੋਸ਼ਲ ਮੀਡੀਆ 'ਤੇ ਪਾਉਣਗੇ। ਕਈ ਬੇਵਕੂਫ ਤਾਂ ਐਵੇਂ ਹੀ ਪੁਰਾਣੀ ਫੋਟੋ ਵੱਟਸਐੱਪ 'ਤੇ ਪਾ ਦੇਂਦੇ ਹਨ ਕਿ ਇਹ ਬੱਚਾ ਫਲਾਣੇ ਰੇਲਵੇ ਸਟੇਸ਼ਨ 'ਤੇ ਲਾਵਾਰਿਸ ਮਿਲਿਆ ਹੈ। ਲੋਕ ਫੋਨ ਕਰਕੇ ਪੁਲਿਸ ਵਾਲਿਆਂ ਦਾ ਨੱਕ ਵਿਚ ਦਮ ਕਰ ਦੇਂਦੇ ਹਨ। ਕਈ ਘਰ ਬੈਠੇ ਹੀ ਮੈਸੇਜ ਛੱਡ ਦੇਂਦੇ ਹਨ ਕਿ ਫਲਾਣੇ ਹਸਪਤਾਲ ਵਿਚ ਖ਼ੂਨ ਚਾਹੀਦਾ ਹੈ। ਬੰਦਾ ਪੁੱਛੇ ਕਿ ਤੁਸੀਂ ਆਪ ਕਿਉਂ ਨਹੀਂ ਦੇਂਦੇ ਜਾ ਕੇ? ਖ਼ੂਨ ਕਿਸੇ ਲੋੜਵੰਦ ਨੂੰ ਬਠਿੰਡੇ ਚਾਹੀਦਾ ਹੁੰਦਾ ਹੈ ਤੇ ਮੈਸੇਜ ਇਹ ਪਠਾਨਕੋਟ ਨੂੰ ਭੇਜੀ ਜਾਂਦੇ ਹਨ।

ਸੋਸ਼ਲ ਮੀਡੀਆ 'ਤੇ ਸਾਰਾ ਦਿਨ ਫਜ਼ੂਲ ਦੀਆਂ ਅਹਿਮਕਾਨਾ ਗੱਲਾਂ ਜ਼ਿਆਦਾ ਸ਼ੇਅਰ ਕੀਤੀਆਂ ਜਾਂਦੀਆਂ ਹਨ। ਕਈ ਮੂਰਖ ਤਾਂ ਅੰਧਵਿਸ਼ਵਾਸ ਫੈਲਾਉਣਾ ਆਪਣਾ ਪਰਮ ਧਰਮ ਸਮਝਦੇ ਹਨ। ਕਹਿਣਗੇ ਇਹ ਮੈਸੇਜ ਫਲਾਣੇ ਧਾਰਮਿਕ ਸਥਾਨ ਤੋਂ ਚੱਲਿਆ ਹੈ। 100 ਲੋਕਾਂ ਨੂੰ ਫਾਰਵਰਡ ਕਰੋਗੇ ਤਾਂ ਸ਼ਾਮ ਤੱਕ ਕੋਈ ਚੰਗੀ ਖਬਰ ਮਿਲੇਗੀ, ਅਗਰ ਨਜ਼ਰਅੰਦਾਜ਼ ਕਰੋਗੇ ਤਾਂ ਤੁਹਾਡਾ ਨੁਕਸਾਨ ਹੋ ਜਾਵੇਗਾ। ਇੱਕ ਸੂਰਮੇ ਨੇ ਤਾਂ ਆਪਣੇ ਦਾਦੇ ਦੀ ਅਰਥੀ ਨੂੰ ਮੋਢਾ ਦੇਂਦੇ ਸਮੇਂ ਦੰਦੀਆਂ ਕੱਢਦੇ ਹੋਏ ਸੈਲਫੀ ਖਿੱਚ ਕੇ ਫੇਸਬੁੱਕ 'ਤੇ ਪਾ ਦਿੱਤੀ ਸੀ ਕਿ ਫੀਲਿੰਗ ਸੈੱਡ ਵਿੱਦ ਦਾਦਾ ਜੀ ਡੈੱਡ। ਕਈ ਲੋਕ ਤਾਂ ਸੋਸ਼ਲ ਮੀਡੀਆ ਦੇ ਐਨੇ ਭਗਤ ਹਨ, ਜਿਵੇਂ ਦੁਨੀਆਂ ਭਰ ਦੀ ਸਾਰੀ ਸੱਚਾਈ ਇਸ ਵਿਚ ਹੀ ਸਮਾਈ ਹੋਵੇ। ਜਦੋਂ ਦੀਨਾਨਗਰ ਥਾਣੇ 'ਤੇ ਅੱਤਵਾਦੀ ਹਮਲਾ ਹੋਇਆ ਸੀ, ਤਾਂ ਵਿਹਲੜਾਂ ਨੇ ਟੀ.ਵੀ. ਤੋਂ ਉੱਡਦੀ-ਉੱਡਦੀ ਖਬਰ ਸੁਣ ਲਈ ਕਿ ਅੱਤਵਾਦੀਆਂ ਨਾਲ ਸ਼ਾਇਦ ਦੋ ਔਰਤਾਂ ਵੀ ਹਨ। ਮੁਕਾਬਲਾ ਰਾਤ 8-9 ਵਜੇ ਜਾ ਕੇ ਖਤਮ ਹੋਇਆ ਸੀ। ਪਰ ਕਥਿਤ ਸੋਸ਼ਲ ਮੀਡੀਆ ਕਰਾਈਮ ਰਿਪੋਰਟਰਾਂ ਨੇ ਸਵੇਰੇ 10 ਵਜੇ ਹੀ ਕਿਸੇ ਪੁਰਾਣੇ ਮੁਕਾਬਲੇ ਵਿਚ ਦੋ ਔਰਤਾਂ ਸਮੇਤ ਮਰੇ ਚੇਚਨੀਆਂ (ਰੂਸ) ਦੇ ਅੱਤਵਾਦੀਆਂ ਦੀਆਂ ਫੋਟੋਆਂ ਵੱਟਸਐੱਪ 'ਤੇ ਪਾ ਦਿੱਤੀਆਂ ਸਨ ਕਿ ਸਾਰੇ ਅੱਤਵਾਦੀ ਮਾਰੇ ਗਏ ਹਨ ਤੇ ਮੁਕਾਬਲਾ ਖਤਮ ਹੋ ਗਿਆ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦਿੱਲੀ ਅਤੇ ਹਰਿਆਣਾ ਦੇ ਜਾਟ ਅੰਦੋਲਨ ਨੂੰ ਭੜਕਾਉਣ ਵਿਚ ਸੋਸ਼ਲ ਮੀਡੀਆ ਦਾ ਪੂਰਾ ਹੱਥ ਸੀ।

ਇਨ੍ਹਾਂ ਲੋਕਾਂ ਨੂੰ ਸਵੇਰੇ ਭਗਤੀ ਦਾ ਖ਼ੁਮਾਰ ਚੜ੍ਹਿਆ ਹੁੰਦਾ ਹੈ। ਅਜਿਹੇ ਧਾਰਮਿਕ, ਗਿਆਨ ਵਧਾਊ ਅਤੇ ਹੌਂਸਲਾ ਅਫਜ਼ਾਈ ਵਾਲੇ ਮੈਸੇਜ ਆਉਂਦੇ ਹਨ ਕਿ ਬੰਦਾ ਆਪਣੇ ਆਪ ਨੂੰ ਸਰਵ-ਸ਼ਕਤੀਮਾਨ ਮਹਿਸੂਸ ਕਰਨ ਲੱਗ ਜਾਂਦਾ ਹੈ। ਦੁਪਹਿਰ ਨੂੰ ਡਿਪਰੈਸ਼ਨ ਵਾਲੇ ਤੇ ਰਾਤ ਨੂੰ ਗੰਦ-ਮੰਦ ਸ਼ੁਰੂ ਹੋ ਜਾਂਦਾ ਹੈ। ਸਟੇਟਸ 'ਤੇ ਫੋਟੋ ਵੀ ਵੇਖਣ ਵਾਲੀ ਹੁੰਦੀ ਹੈ। ਮਰੀਅਲ ਤੋਂ ਮਰੀਅਲ ਬੰਦਾ ਵੀ ਗੁੱਗੂ ਗਿੱਲ ਤੋਂ ਘੱਟ ਨਹੀ ਲੱਗਦਾ। ਕਈ ਸੂਰਮੇ ਤਾਂ ਬੇਗਾਨੇ ਪਿਸਤੌਲਾਂ ਰਾਈਫਲਾਂ ਨਾਲ ਗੱਬਰ ਸਿੰਘ ਦੇ ਪੋਜ਼ ਵਿਚ ਡੀ.ਪੀ. ਲਾ ਕੇ ਜੇਲ੍ਹ ਜਾਣ ਦੀ ਤਿਆਰੀ ਕਰੀ ਬੈਠੇ ਹਨ। ਆਮ ਲੋਕਾਂ ਨੂੰ ਇਹ ਪਤਾ ਨਹੀਂ ਕਿ ਦੂਸਰੇ ਦੇ ਹਥਿਆਰ ਨੂੰ ਪਕੜਨਾ ਵੀ ਜ਼ੁਰਮ ਹੈ। ਹਰ ਬੰਦਾ ਦੂਸਰੇ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਈ ਬੁੱਢਿਆਂ ਨੇ ਫੇਸਬੁੱਕ 'ਤੇ ਆਪਣੀ ਜਵਾਨੀ ਦੀ ਪ੍ਰੋਫਾਇਲ ਫੋਟੋ ਲਾਈ ਹੁੰਦੀ ਹੈ। ਕਈ ਬੰਦੇ ਭੁਲੇਖੇ ਨਾਲ ਆਪਣੀ ਪਤਨੀ ਨਾਲ ਹੀ ਚੈਟਿੰਗ ਕਰਦੇ ਕਾਬੂ ਆ ਗਏ ਹਨ। ਕਈ ਅਣਭੋਲ ਔਰਤਾਂ ਬਦਮਾਸ਼ ਬੰਦਿਆਂ ਦੀਆਂ ਚੈਟਿੰਗ ਦੌਰਾਨ ਕੀਤੀਆਂ ਮਿੱਠੀਆਂ ਗੱਲਾਂ ਵਿਚ ਫਸ ਕੇ ਘਰ-ਘਾਟ ਤਬਾਹ ਕਰ ਬੈਠੀਆਂ ਹਨ।

ਇੱਕ ਨਵਾਂ ਟਰੈਂਡ ਚੱਲਿਆ ਹੈ ਸੈਲਫੀ ਖਿੱਚਣ ਦਾ। ਲੋਕ ਕਿਸੇ ਲੀਡਰ ਜਾਂ ਅਫਸਰ ਨਾਲ ਚੇਪੀ ਹੋ ਕੇ ਖਿੱਚੀਆਂ ਸੈਲਫੀਆਂ ਫੇਸਬੁੱਕ 'ਤੇ ਪਾ ਕੇ ਲਾਈਕ ਗਿਣਨ ਲੱਗ ਜਾਂਦੇ ਹਨ। ਲਾਈਕ ਅਸਲ ਵਿਚ ਉਸ ਵੱਡੇ ਬੰਦੇ ਨੂੰ ਮਿਲਦੇ ਹਨ, ਜਿਸ ਨਾਲ ਤੁਹਾਡੀ ਫੋਟੋ ਲੱਗੀ ਹੁੰਦੀ ਹੈ। ਹੁਣ ਤੱਕ ਇਕੱਲੇ ਭਾਰਤ ਵਿਚ ਹੀ 250 ਦੇ ਕਰੀਬ ਲੋਕ ਸੈਲਫੀਆਂ ਲੈਂਦੇ ਸਮੇਂ ਅਣਿਆਈ ਮੌਤ ਮਰ ਚੁੱਕੇ ਹਨ। ਲੀਡਰਾਂ ਕੋਲ ਪਹੁੰਚਣ ਦਾ ਸਭ ਤੋਂ ਸੌਖਾ ਬਹਾਨਾ ਹੈ ਸੈਲਫੀ ਖਿੱਚਣੀ। ਜਿਹੜੇ ਲੀਡਰ ਜਾਂ ਐਕਟਰ ਨੱਕ 'ਤੇ ਮੱਖੀ ਨਹੀਂ ਬਹਿਣ ਦੇਂਦੇ, ਉਹ ਵੀ ਸੈਲਫੀ ਖਿਚਾਉਣ ਵੇਲੇ ਅਸੀਲ ਮੱਝ ਵਾਂਗ ਫੌਰਨ ਬੱਤੀਸੀ ਵਿਖਾਉਣ ਲੱਗ ਜਾਂਦੇ ਹਨ। ਸੋਸ਼ਲ ਮੀਡੀਆ ਅੱਜ ਐਨਾ ਤਾਕਤਵਰ ਹੋ ਗਿਆ ਹੈ ਕਿ ਇਸ ਵਿਚ ਦੇਸ਼ਾਂ ਦੀ ਕਿਸਮਤ ਤੱਕ ਬਦਲਣ ਦੀ ਤਾਕਤ ਆ ਗਈ ਹੈ। ਟਿਊਨੀਸ਼ੀਆ, ਮਿਸਰ ਅਤੇ ਸੀਰੀਆ ਦੀਆਂ ਸਰਕਾਰਾਂ ਦਾ ਤਖਤਾ ਪਲਟਾਉਣ ਵਿਚ ਇਸ ਦਾ ਪੂਰਾ ਹੱਥ ਸੀ। 2010 ਵਿਚ ਟਿਊਨੀਸ਼ੀਆ ਦੀ ਰਾਜਧਾਨੀ ਟਿਊਨਿਸ ਵਿਖੇ ਇੱਕ ਕਬਜ਼ਾ ਹਟਾਊ ਦਸਤੇ ਦੇ ਵਿਰੋਧ ਵਿਚ ਇੱਕ ਫੜ੍ਹੀ ਵਾਲੇ ਮੁਹੰਮਦ ਬੋਆਜ਼ੀ ਨੇ ਆਪਣੇ ਆਪ ਨੂੰ ਅੱਗ ਲਗਾ ਲਈ ਸੀ। ਉਹ ਫੋਟੋ ਐਨੀ ਵਾਇਰਲ ਹੋਈ ਕਿ ਤਤਕਾਲੀ ਰਾਸ਼ਟਰਪਤੀ ਜ਼ਾਈਨ ਅਲ ਅਬੀਦੀਨ ਨੂੰ ਦੇਸ਼ ਛੱਡ ਕੇ ਭੱਜਣਾ ਪਿਆ ਸੀ। ਭਾਰਤ ਵਿਚ ਇੱਕ ਖਾਸ ਰਾਜਨੀਤਿਕ ਪਾਰਟੀ ਦਾ ਸੋਸ਼ਲ ਮੀਡੀਆ 'ਤੇ ਮੁਕੰਮਲ ਕਬਜ਼ਾ ਹੈ। ਇਸ ਦਾ ਪਰਿਣਾਮ ਇਹ ਨਿਕਲਿਆ ਹੈ ਕਿ ਲੋਕ ਦੂਸਰੀਆਂ ਪਾਰਟੀਆਂ ਦੀ ਗੱਲ ਸੁਣਨ ਲਈ ਵੀ ਰਾਜੀ ਨਹੀਂ ਹਨ। ਉਸ ਨੂੰ ਹਰ ਇਲੈੱਕਸ਼ਨ ਵਿਚ ਧੜਾਧੜ ਵੋਟ ਮਿਲ ਰਹੇ ਹਨ।

ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕੀਤੀ ਜਾਵੇ, ਤਾਂ ਇਸ ਦੇ ਫਾਇਦੇ ਵੀ ਬੇਅੰਤ ਹਨ। ਦੋ ਕੁ ਮਹੀਨੇ ਪਹਿਲਾਂ ਖਬਰ ਆਈ ਸੀ ਕਿ ਨਿਊਯਾਰਕ (ਅਮਰੀਕਾ) ਵਿਚ ਇੱਕ ਮਰੀਜ਼ ਦਾ ਉਪਰੇਸ਼ਨ ਕਰਦੇ ਸਮੇਂ ਡਾਕਟਰ ਨੂੰ ਕਿਸੇ ਗੱਲ ਦੀ ਸਮਝ ਨਹੀਂ ਸੀ ਆ ਰਹੀ। ਉਸ ਨੇ ਕੈਲਗਰੀ (ਕੈਨੇਡਾ) ਦੇ ਇੱਕ ਸਪੈਸ਼ਲਿਸਟ ਨੂੰ ਆਨਲਾਈਨ ਉਪਰੇਸ਼ਨ ਵਿਖਾ ਕੇ ਸਲਾਹ ਲਈ ਤੇ ਮਰੀਜ਼ ਦੀ ਜਾਨ ਬਚ ਸਕੀ। ਪਰ ਸਾਡੇ ਦੇਸ਼ ਵਿਚ ਸੋਸ਼ਲ ਮੀਡੀਆ ਦੀ ਰੱਜ ਕੇ ਦੁਰਵਰਤੋਂ ਹੋ ਰਹੀ ਹੈ। ਇਸ ਦਾ ਇਸਤੇਮਾਲ ਦੰਗੇ ਭੜਕਾਉਣ, ਅਸ਼ਲੀਲਤਾ ਫੈਲਾਉਣ ਅਤੇ ਇੱਕ ਦੂਸਰੇ ਨੂੰ ਬਦਨਾਮ ਕਰਨ ਲਈ ਜ਼ਿਆਦਾ ਕੀਤਾ ਜਾ ਰਿਹਾ ਹੈ। ਇਸ ਲਈ ਸਭ ਨੂੰ ਚਾਹੀਦਾ ਹੈ ਕਿ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰੀਏ। ਇਸ ਨਾਲ ਅਸੀਂ ਵੀ ਸੁਖੀ ਰਹਾਂਗੇ ਤੇ ਸਮਾਜ ਦਾ ਵੀ ਭਲਾ ਹੋਵੇਗਾ।





Do you know how to plan & secure your finances?

*Book your free consultations for*

- ✔ Tax free Retirement Planning
- ✔ College Education Planning
- ✔ Proper Protection
- ✔ Health & Disability (Long Term Care Planning)
- ✔ Annuities
- ✔ Will & Trust (Discounted for a limited time with conditions applied)
- ✔ Building Legacy

Harsimran Bajwa

Lic# 4267166

Call/Text: (916) 479-4783

Email: bajwahgi@gmail.com



*Let's do the needful to secure our life and our family's future!*



# ਟਾਇਰਾਂ ’ਤੇ ਪੈਰਾਂ ਦਾ ਵੈਰੀ ਸਾਹਿਤਕਾਰ: ਗੁਲਜ਼ਾਰ ਸਿੰਘ ਸ਼ੌਂਕੀ




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)





ਗੁਲਜ਼ਾਰ ਸਿੰਘ ਸ਼ੌਂਕੀ ਦਿਨ ਵੇਲੇ ਕਦੀਂ ਵੀ ਧੂਰੀ ਆਪਣੇ ਘਰ ਨਹੀਂ ਮਿਲੇਗਾ। ਇਉਂ ਮਹਿਸੂਸ ਹੁੰਦਾ ਜਿਵੇਂ ਉਸ ਦੇ ਪੈਰਾਂ ਹੇਠ ਕੋਈ ਪਹੀਆ ਲੱਗਿਆ ਹੋਇਆ ਹੈ, ਜਿਹੜਾ ਉਸ ਨੂੰ ਟਿਕਣ ਨਹੀਂ ਦਿੰਦਾ। ਆਪਣੇ ਘਰ ਤਾਂ ਉਹ ਬਿਮਾਰੀ ਠਮਾਰੀ ਨੂੰ ਹੀ ਮਿਲਦਾ ਹੈ। ਜੇਕਰ ਉਸ ਨੂੰ ਪਤਾ ਲੱਗ ਜਾਵੇ ਕਿ ਕੋਈ ਗਾਇਕ/ਰਾਗੀ/ਢਾਡੀ/ਸੰਗੀਤਕਾਰ ਪ੍ਰੋਗਰਾਮ ਦੇਣ ਲਈ ਆਇਆ ਹੈ/ਕਿਸੇ ਸਾਹਿਤ ਸਭਾ ਦੀ ਮੀਟਿੰਗ ਹੈ/ਕੋਈ ਪੁਸਤਕ ਲੋਕ ਅਰਪਨ ਹੋ ਰਹੀ ਹੈ/ਕੋਈ ਵੀ ਸਾਹਿਤਕ ਪ੍ਰੋਗਰਾਮ ਹੈ/ਮੁਲਾਜ਼ਮ ਸੰਘਰਸ਼ ਹੋਵੇ/ਕਵੀ ਦਰਬਾਰ ਹੋਵੇ/ਜਲਸਾ ਜਲੂਸ ਹੋਵੇ/ਧਾਰਮਿਕ ਦੀਵਾਨ ਹੋਵੇ ਤਾਂ ਉਸ ਨੇ ਤੁਰੰਤ ਆਪਣਾ ਸਾਈਕਲ ਚੁੱਕ ਕੇ ਤੁਰ ਪੈਣਾ ਹੈ। ਜੇ ਸਮਾਗਮ ਦੂਰ ਹੋਵੇ ਤਾਂ ਬੱਸ ਚੜ੍ਹਕੇ ਪਹੁੰਚ ਜਾਣਾ ਹੈ। ਪਹੁੰਚਣਾ ਹਰ ਹਾਲਤ ਵਿਚ ਹੈ, ਭਾਵੇਂ ਪਰਿਵਾਰ ਵਿਚ ਕਿਤਨਾ ਹੀ ਜ਼ਰੂਰੀ ਕੰਮ ਹੋਵੇ। ਵੇਖਣ ਵਾਲੇ ਨੂੰ ਉਹ ਧਾਰਮਿਕ ਪ੍ਰਚਾਰਕ ਲੱਗਦਾ ਹੈ। ਉਸ ਦੇ ਹੱਥ ਵਿਚ ਕਾਪੀ ਪੈਨ ਜ਼ਰੂਰ ਹੋਵੇਗਾ। ਜੇਕਰ ਸ਼ੌਂਕੀ ਨੂੰ ਲੱਭਣਾ ਹੋਵੇ ਤਾਂ ਉਪਰੋਕਤ ਸਮਾਗਮਾਂ ਵਿਚੋਂ ਲੱਭਿਆ ਜਾ ਸਕਦਾ ਹੈ। ਆਪਣੇ ਘਰ ਉਹ ਰਾਤ ਕੱਟਣ ਹੀ ਆਉਂਦਾ ਹੈ। ਪ੍ਰੋਗਰਾਮਾਂ ’ਤੇ ਦਲੀਲ ਨਾਲ ਬਹਿਸ ਵੀ ਕਰਦਾ ਹੈ। ਇਹ ਉਸ ਦਾ ਸ਼ੌਕ ਹੈ। ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਸ਼ੌਕ ਦੀ ਪੂਰਤੀ ਲਈ ਕਈ ਵਾਰ ਘਰ ਫ਼ੂਕ-ਤਮਾਸ਼ਾ ਵੇਖਣ ਵਾਲੀ ਗੱਲ ਹੁੰਦੀ ਹੈ। ਉਹ ਇਹੋ ਕੰਮ ਕਰਦਾ ਹੈ। ਸ਼ੌਕ ਇਨਸਾਨ ਨੂੰ ਕਦੇ ਟਿਕ ਕੇ ਬੈਠਣ ਨਹੀਂ ਦਿੰਦਾ। ਅਜਿਹਾ ਹੀ ਇਕ ਵਿਅਕਤੀ ਗੁਲਜ਼ਾਰ ਸਿੰਘ ਸ਼ੌਂਕੀ ਹੈ, ਜਿਸ ਨੂੰ ਗੀਤਕਾਰਾਂ ਅਤੇ ਗਾਇਕਾਂ ਨਾਲ ਲਾਊਡ ਸਪੀਕਰ ਲਗਾਉਂਦਿਆਂ ਮਿਲਣ ਦੇ ਮੌਕੇ ਮਿਲਦੇ ਰਹੇ ਅਤੇ ਗੀਤ ਲਿਖਣ ਦੀ ਚੇਟਕ ਲੱਗ ਗਈ। ਉਹ ਇਨ੍ਹਾਂ ਗਾਇਕਾਂ ਅਤੇ ਗੀਤਕਾਰਾਂ ਦੇ ਗੀਤ ਸੁਣਨ ਲਈ ਬੱਸਾਂ ’ਤੇ ਚੜ੍ਹਕੇ ਰਾਤ ਬਰਾਤੇ 70-80 ਮੀਲ ਦਾ ਸਫਰ ਤਹਿ ਕਰਕੇ ਪਹੁੰਚਦਾ ਰਿਹਾ ਅਤੇ ਫਿਰ ਵਾਪਸ ਮੁੜਕੇ ਰੋਜ਼ੀ-ਰੋਟੀ ਲਈ ਕੰਮ ਕਰਦਾ ਸੀ। ਉਹ ਭੰਬੀਰੀ ਵਾਂਗੂੰ ਭੱਜਿਆ ਫਿਰਦਾ ਰਹਿੰਦਾ ਹੈ। ਉਹ ਇਕ ਸਾਧਾਰਨ ਮਜ਼ਦੂਰ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਇਕ ਸਾਧਾਰਨ ਕਰਮਚਾਰੀ ਹੁੰਦਿਆਂ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦਾ ਵੀ ਉਹ ਕਲਮ ਦਾ ਸਾਥ ਨਹੀਂ ਛੱਡਦਾ। ਉਸ ਨੇ ਸਾਹਿਤਕ ਖੇਤਰ ਵਿਚ ਆਪਣੀ ਪਛਾਣ ਬਣਾ ਲਈ ਹੈ। ਉਸ ਦੀ ਦੋਸਤੀ ਦਾ ਘੇਰਾ ਵੀ ਵਿਸ਼ਾਲ ਹੈ। ਵਿਦਵਾਨਾਂ ਤੋਂ ਲੈ ਕੇ ਆਮ ਪਾਠਕ ਤੇ ਸਰੋਤੇ ਨਾਲ ਬਾਵਾਸਤਾ ਰਹਿੰਦਾ ਹੈ। ਪਿਤਾ ਭਗਵਾਨ ਸਿੰਘ ਗੁਰੂ ਦੇ ਸੱਪ ਲੜਨ ਕਰਕੇ ਅਪਾਹਜ ਹੋਣ ਤੋਂ ਬਾਅਦ ਪਰਿਵਾਰ ਦਾ ਗੁਜ਼ਾਰਾ ਤੋਰਨ ਲਈ ਉਹ 13 ਸਾਲ ਦੀ ਛੋਟੀ ਉਮਰ ਵਿਚ ਹੀ ਕਾਰਜ਼ਸ਼ੀਲ ਹੋ ਗਿਆ ਸੀ। ਉਹ ਧੂਰੀ ਮਿਲ ਵਿਚ ਦਿਹਾੜੀਦਾਰੀ, ਪੀ.ਡਬਲਯੂ ਵਿਚ ਮੇਟੀ, ਬਿਜਲੀ ਬੋਰਡ ਵਿਚ ਬਿਜਲੀ ਦੇ ਖੰਭੇ ਗੱਡਣ, ਕੱਪੜਾ ਬੁਣਨ, ਮਜ਼ਦੂਰੀ, ਬੇਲਦਾਰੀ ਅਤੇ ਪੱਲੇਦਾਰੀ ਕਰਦਾ ਰਿਹਾ। ਪ੍ਰੰਤੂ ਗੀਤਾਂ ਦੀ ਚੇਟਕ ਉਸ ਨੂੰ ਸਤਾਉਂਦੀ ਰਹੀ, ਜਿਸ ਕਰਕੇ ਆਪਣਾ ਗਾਇਕੀ ਦਾ ਮਸ ਪੂਰਾ ਕਰਨ ਲਈ ਉਸ ਨੇ ਇੱਕ ਕਵੀਸ਼ਰੀ ਜੱਥਾ ਬਣਾ ਲਿਆ। ਕੁਝ ਸਮਾਂ ਉਹ ਕਵੀਸ਼ਰੀ ਵੀ ਕਰਦਾ ਰਿਹਾ। 12 ਸਾਲ ਦੀ ਉਮਰ ਵਿਚ 1960 ਵਿਚ ਇੱਕ ਲਾਊਡ ਸਪੀਕਰ ਵਾਲੇ ਨੇ ਪੱਕੇ ਤੌਰ ’ਤੇ 30 ਰੁਪਏ ਮਹੀਨਾ ਨੌਕਰੀ ’ਤੇ ਰੱਖ ਲਿਆ। ਇਸ ਸਮੇਂ ਦੌਰਾਨ ਉਸ ਦਾ ਸੰਪਰਕ ਗਾਇਕਾਂ ਅਤੇ ਗੀਤਕਾਰਾਂ ਨਾਲ ਵੱਧ ਗਿਆ। ਗਾਇਕਾਂ ਅਤੇ ਗੀਤਕਾਰਾਂ ਦੇ ਮੇਲ ਮਿਲਾਪ ਨੇ ਉਸ ਵਿਚ ਗੀਤਕਾਰ ਤੇ ਵਾਰਤਕਕਾਰ ਬਣਨ ਦਾ ਅਜਿਹਾ ਸ਼ੌਕ ਪੈਦਾ ਕਰ ਦਿੱਤਾ ਕਿ ਮੁੜ ਕੇ ਉਸ ਨੇ ਪਿੱਛੇ ਨਹੀਂ ਵੇਖਿਆ। ਸਭ ਤੋਂ ਪਹਿਲਾਂ ਉਸ ਦਾ ਮੇਲ ਪ੍ਰਸਿੱਧ ਗੀਤਕਾਰ ਮਰਹੂਮ ਗੁਰਦੇਵ ਸਿੰਘ ਮਾਨ ਨਾਲ ਹੋਇਆ ਸੀ, ਜਿਹੜਾ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਸੰਗਰੂਰ ਵਿਚ ਡਰਾਮਾ ਇਨਸਪੈਕਟਰ ਲੱਗਿਆ ਹੋਇਆ ਸੀ। ਗੀਤਕਾਰ ਗੁਰਦੇਵ ਸਿੰਘ ਮਾਨ ਨੂੰ ਉਸ ਨੇ ਗੁਰੂ ਧਾਰ ਲਿਆ। ਗੁਰਦੇਵ ਸਿੰਘ ਮਾਨ ਮਾਲੇਰਕੋਟਲਾ ਅਤੇ ਸ਼ੌਂਕੀ ਧੂਰੀ ਰਹਿੰਦਾ ਸੀ। ਫਿਰ ਗੁਲਜ਼ਾਰ ਸਿੰਘ ਸ਼ੌਂਕੀ ਦਾ ਡੇਰਾ ਗੁਰਦੇਵ ਸਿੰਘ ਮਾਨ ਦੇ ਘਰ ਮਾਲੇਰਕੋਟਲਾ ਵਿਖੇ ਲੱਗ ਗਿਆ। ਹਰ ਰੋਜ਼ ਬਿਨਾ ਨਾਗਾ ਰਾਤ ਨੂੰ ਮਾਲੇਰਕੋਟਲਾ ਤੇ ਸਵੇਰ ਵਾਪਸ ਆ ਕੇ ਕੰਮ ਕਾਰ ਲੱਗ ਜਾਂਦਾ ਸੀ। ਗੁਰਦੇਵ ਸਿੰਘ ਮਾਨ ਦੀਆਂ ਜਿਹੜੀਆਂ ਪੁਸਤਕਾਂ ਪ੍ਰਕਾਸ਼ਤ ਹੁੰਦੀਆਂ ਸਨ, ਉਨ੍ਹਾਂ ਦੇ ਪਰੂਫ਼ ਪੜ੍ਹਨ ਦਾ ਮੌਕਾ ਮਿਲਦਾ ਰਿਹਾ। ਫਿਰ ਉਸ ਦੀ ਦਿਲਚਸਪੀ ਸਾਹਿਤਕਾਰ ਬਣਨ ਦੀ ਵੱਧਦੀ ਗਈ। ਉਸ ਨੇ ਸੱਥਾਂ ਵਿਚ ਗਾਉਣਾ ਸ਼ੁਰੂ ਕੀਤਾ, ਜਿਥੋਂ ਉਸ ਨੂੰ ਇਨਾਮ ਮਿਲਣ ਲੱਗੇ। ਸ਼ੁਰੂ ਵਿਚ ਉਹ ਧਾਰਮਿਕ ਗੀਤ ਲਿਖਦਾ ਸੀ। ਲਾਊਡ ਸਪੀਕਰ ਲਾਉਣ ਤੋਂ ਜਦੋਂ ਵਿਹਲਾ ਹੁੰਦਾ ਸੀ, ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੌਲ ਵੀ ਲਾਉਂਦਾ ਸੀ ਕਿਉਂਕਿ ਪਰਿਵਾਰ ਦਾ ਵੱਡਾ ਪੁੱਤਰ ਹੋਣ ਕਰਕੇ ਗੁਜ਼ਾਰਾ ਉਸ ਉਪਰ ਹੀ ਨਿਰਭਰ ਸੀ। ਗੁਰਦੇਵ ਸਿੰਘ ਮਾਨ ਨਾਲ ਉਹ ਕਵੀ ਦਰਬਾਰਾਂ ਵਿਚ ਜਾਣ ਲੱਗ ਪਿਆ, ਜਿਥੋਂ ਉਸ ਨੂੰ ਉਤਸ਼ਾਹ ਮਿਲਿਆ। ਪਹਿਲਾਂ ਉਹ ਆਪਣੇ ਨਾਮ ਨਾਲ ਰਾਹੀ ਲਿਖਦਾ ਸੀ, ਜੋ ਉਸ ਤੇ ਬਹੁਤ ਢੁੱਕਦਾ ਸੀ ਕਿਉਂਕਿ ਬਹੁਤਾ ਸਮਾਂ ਉਹ ਰਾਹਾਂ ਵਿਚ ਹੀ ਗੁਜ਼ਾਰਦਾ ਸੀ। ਪ੍ਰੰਤੂ ਗੁਰਦੇਵ ਸਿੰਘ ਮਾਨ ਨੇ ਉਸ ਦੇ ਸ਼ੌਕ ਨੂੰ ਮੁੱਖ ਰੱਖਦਿਆਂ ਉਸ ਨੂੰ ਸ਼ੌਂਕੀ ਬਣਾ ਦਿੱਤਾ। ਉਸ ਤੋਂ ਬਾਅਦ ਸੰਗੀਤਕਾਰ ਜਸਵੰਤ ਸਿੰਘ ਭੰਵਰਾ, ਹਰਚਰਨ ਗਰੇਵਾਲ ਅਤੇ ਕਰਨੈਲ ਗਿੱਲ ਨਾਲ ਦੋਸਤੀ ਅਜਿਹੀ ਪਈ, ਜਿਸ ਨੇ ਉਸ ਨੂੰ ਜੀਵਨੀਕਾਰ, ਕਵੀ, ਗ਼ਜ਼ਲਗੋ, ਨਾਟਕਕਾਰ, ਗੀਤਕਾਰ ਅਤੇ ਵਾਰਤਕਕਾਰ ਬਣਾ ਦਿੱਤਾ। ਇਸ ਸਮੇਂ ਦੌਰਾਨ ਹੀ ਉਸ ਦੀ ਨੌਕਰੀ ਅਕਤੂਬਰ 1975 ਵਿਚ ਸਿੱਖਿਆ ਵਿਭਾਗ ਵਿਚ ਸੇਵਾਦਾਰ ਕਮ ਚੌਕੀਦਾਰ ਦੀ ਲੱਗ ਗਈ। ਨੌਕਰੀ ਦੌਰਾਨ ਹੀ ਉਸ ਨੇ 1985 ਵਿਚ ਪ੍ਰਾਈਵੇਟਲੀ ਦਸਵੀਂ ਪਾਸ ਕਰ ਲਈ। ਉਸ ਦਾ ਤਾਲਮੇਲ ਸੁਪ੍ਰਸਿੱਧ ਵਿਦਵਾਨ ਡਾ.ਤੇਜਵੰਤ ਮਾਨ ਨਾਲ ਹੋ ਗਿਆ। ਡਾ. ਤੇਜਵੰਤ ਮਾਨ ਦੀ ਹੱਲਾਸ਼ੇਰੀ ਨਾਲ ਉਸ ਨੇ ਸਾਹਿਤ ਸਭਾਵਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਉਥੇ ਆਪਣੇ ਗੀਤ ਅਤੇ ਕਵਿਤਾਵਾਂ ਸੁਣਾਉਣ ਦਾ ਮੌਕਾ ਮਿਲਣ ਲੱਗ ਪਿਆ। ਇਸ ਸਮੇਂ ਉਸ ਦੀਆਂ ਕਵਿਤਾ, ਨਾਵਲ, ਓਪੇਰਾ, ਜੀਵਨੀ ਅਤੇ ਵਾਰਤਕ ਦੀਆਂ 36 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ 20 ਮੌਲਿਕ ਅਤੇ 16 ਸੰਪਾਦਨਾਂ ਦੀਆਂ ਹਨ। 5 ਹੋਰ ਪੁਸਤਕਾਂ ਪ੍ਰਕਾਸ਼ਤ ਹੋਣ ਲਈ ਪ੍ਰੈੱਸਾਂ ਵਿਚ ਗਈਆਂ ਹੋਈਆਂ ਹਨ। ਉਸ ਨੇ ਗੀਤਕਾਰ ਗੁਰਦੇਵ ਸਿੰਘ ਮਾਨ, ਹਰਚਰਨ ਗਰੇਵਾਲ, ਕਰਨੈਲ ਗਿੱਲ, ਕੇਸਰ ਸਿੰਘ ਨਰੂਲਾ ਅਤੇ ਮੁਹੰਮਦ ਸਦੀਕ ਦੀਆਂ ਜੀਵਨੀਆਂ ਵੀ ਲਿਖੀਆਂ ਹਨ। ਉਹ ਚੋਟੀ ਦੇ ਗੀਤਕਾਰਾਂ, ਗਾਇਕਾਂ ਅਤੇ ਸੰਗੀਤਕਾਰਾਂ ਨੂੰ ਮਿਲਦਾ ਰਿਹਾ ਹੈ, ਜਿਨ੍ਹਾਂ ਵਿਚ ਗੁਰਦੇਵ ਸਿੰਘ ਮਾਨ, ਹਰਚਰਨ ਗਰੇਵਾਲ, ਸੁਰਿੰਦਰ ਕੌਰ, ਨਰਿੰਦਰ ਬੀਬਾ, ਕਰਨੈਲ ਗਿੱਲ, ਜਸਵੰਤ ਸਿੰਘ ਭੰਵਰਾ, ਚਰਨਜੀਤ ਆਹੂਜਾ, ਸਚਿਨ ਆਹੂਜਾ ਅਤੇ ਦੇਵ ਥਰੀਕਿਆਂ ਵਾਲਾ ਆਦਿ। ਉਸ ਦੀ ਬੋਲੀ ਤੇ ਸ਼ੈਲੀ ਸਰਲ ਲੋਕ ਭਾਸ਼ਾ ਹੈ। ਇਸ ਸ਼ੌਕ ਦੀ ਪੂਰਤੀ ਲਈ ਉਸ ਨੂੰ ਆਰਥਿਕ ਮਜਬੂਰੀਆਂ ਨੇ ਵੀ ਘੇਰਿਆ ਪ੍ਰੰਤੂ ਉਹ ਆਪਣੇ ਸ਼ੌਕ ਦੀ ਪੂਰਤੀ ਲਈ ਡੱਟਿਆ ਰਿਹਾ। ਕਰਮਜੀਤ ਸਿੰਘ ਧੂਰੀ ਨੇ ਉਸ ਦੇ 8 ਗੀਤ ਰਿਕਾਰਡ ਕਰਵਾਏ ਹਨ। ਉਸ ਦੇ ਗੀਤ ਸੁਰਿੰਦਰ ਕੌਰ, ਰਣਜੀਤ ਗਿੱਲ ਅਤੇ ਪਰਮਜੀਤ ਪੰਮੀ ਬਾਈ ਨੇ ਵੀ ਗਾਏ ਹਨ। ਉਸ ਦੀ ਗ਼ਜ਼ਲ ਜਿਹੜੀ ਗ਼ਰੀਬ ਅਮੀਰ ਦੇ ਪਾੜੇ ਦਾ ਪ੍ਰਗਟਾਵਾ ਕਰਦੀ ਹੈ, ਉਸ ਦੇ ਸ਼ੇਅਰ ਇਸ ਪ੍ਰਕਾਰ ਹਨ:

ਰੱਜ ਕਮਾਈਆਂ ਕਰਦੇ ਲੋਕ, ਤਾਂ ਵੀ ਭੁੱਖੇ ਮਰਦੇ ਲੋਕ।
ਦੂਜੇ ਦਾ ਹੱਕ ਦੱਬ ਲੈਂਦੇ ਨੇ, ਇਹ ਨਾ ਭੋਰਾ ਡਰਦੇ ਲੋਕ।
ਟੱਬਰ ਪਾਲਣਾ ਔਖਾ ਹੋਇਆ, ਮਹਿੰਗਾਈ ਤੋਂ ਹਰਦੇ ਲੋਕ।
ਪਾਪਾਂ ਦੇ ਨਾਲ ਮਾਇਆ ਜੋੜਨ, ਠੰਡੇ ਹੌਕੇ ਭਰਦੇ ਲੋਕ।

ਗੁਲਜ਼ਾਰ ਸਿੰਘ ਸ਼ੌਂਕੀ ਨੂੰ ਪੰਜਾਬ ਕਲਾ ਪ੍ਰੀਸ਼ਦ ਅਤੇ ਪੰਜਾਬ ਸਰਕਾਰ ਵੱਲੋਂ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡੇਢ ਦਰਜਨ ਤੋਂ ਵੱਧ ਸਾਹਿਤਕ ਸੰਸਥਾਵਾਂ ਨੇ ਸਨਮਾਨਤ ਕੀਤਾ ਹੈ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਸੇਖ਼ੋਂ ਦਾ ਸਕੱਤਰ ਅਤੇ ਧੂਰੀ ਸਾਹਿਤ ਸਭਾ ਦਾ ਜਨਰਲ ਸਕੱਤਰ ਹੈ। ਉਸ ਦਾ ਜਨਮ 5 ਦਸੰਬਰ, 1948 ਨੂੰ ਪਿਤਾ ਭਗਵਾਨ ਸਿੰਘ ਗੁਰੂ ਅਤੇ ਮਾਤਾ ਹਰਪਾਲ ਕੌਰ ਦੇ ਘਰ ਦੌਲਤਪੁਰ ਜ਼ਿਲ੍ਹਾ ਸੰਗਰੂਰ ਵਿਚ ਹੋਇਆ। 1956 ਵਿਚ ਉਹ ਧੂਰੀ ਆ ਗਏ। ਉਸ ਦਾ ਵਿਆਹ ਬੀਬੀ ਅਮਰਜੀਤ ਕੌਰ ਚੀਮਾ ਨਾਲ ਹੋਇਆ।







# ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ

## 26 ਮਾਰਚ ਬਾਬਾ ਈਸ਼ਰ ਸਿੰਘ ਜੀ ਕਲੇਰਾ ਵਾਲਿਆਂ ਦੇ ਜਨਮ ਦਿਵਸ 'ਤੇ ਵਿਸ਼ੇਸ਼



-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਕੁਦਰਤ ਦੇ ਵਖਰੇਵਿਆਂ ਅਤੇ ਕਿਸਮਾਂ ਨੂੰ ਦੇਖ ਕੇ ਮਨੁੱਖ ਹੈਰਾਨ ਹੋ ਜਾਂਦਾ ਹੈ। ਪਰਮ ਪੁਰਖ ਨੇ ਇੱਕ ਪਾਸੇ ਪਦਾਰਥਵਾਦ ਦੇ ਜਾਲ ਨੂੰ ਬੁਣਿਆ ਹੋਇਆ ਹੈ ਅਤੇ ਦੂਜੇ ਪਾਸੇ ਸਾਡੀ ਰੂਹ ਨੂੰ ਨਿਰੰਤਰ ਸੰਦੇਸ਼ ਪ੍ਰਾਪਤ ਹੁੰਦੇ ਹਨ, ਜੋ ਸਾਨੂੰ ਆਪਣੇ ਫਰਜ਼ਾਂ ਨੂੰ ਪੂਰਾ ਕਰਨ ਲਈ ਕਹਿੰਦੇ ਹਨ, ਜਿਸ ਲਈ ਉਸਨੇ ਸਾਨੂੰ ਇਸ ਸੰਸਾਰ ਵਿਚ ਭੇਜਿਆ ਹੈ। ਇਸ ਨਾਲ ਵਿਅਕਤੀ ਕਿਤੇ ਵੀ ਨਹੀਂ ਜਾਂਦਾ। ਇਸ ਤਰ੍ਹਾਂ ਦੀ ਸਥਿਤੀ ਵਿਚ ਉਨ੍ਹਾਂ ਮਹਾਨ ਆਤਮਾਵਾਂ ਦੀ ਸੰਗਤ ਦੀ ਲੋੜ ਹੁੰਦੀ ਹੈ, ਜੋ ਆਪਣੇ ਸੰਵਾਦਾਂ ਰਾਹੀਂ ਜਾਂ ਭਜਨ ਗਾਇਨ ਰਾਹੀਂ ਅਕਾਲ ਪੁਰਖ ਦੇ ਸੰਦੇਸ਼ ਨੂੰ ਸਾਡੇ ਕੰਨਾਂ ਵਿਚ ਨਿਰੰਤਰ ਪਾਉਂਦੇ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਜਿਹਾ ਹੀ ਇੱਕ ਅਵਤਾਰ 13 ਚੇਤਰ ਸੰਮਤ 1973 (26 ਮਾਰਚ, 1916) ਨੂੰ ਪਿੰਡ ਝੋਰੜਾਂ, ਜ਼ਿਲ੍ਹਾ ਵਿਚ ਇਸ ਪਦਾਰਥਵਾਦੀ ਸੰਸਾਰ ਵਿਚ ਪ੍ਰਗਟ ਹੋਇਆ, ਜਿਨ੍ਹਾਂ ਦਾ ਪਹਿਲਾਂ ਨਾਮ ਮਾਂ-ਬਾਪ ਵਲੋਂ ਇੰਦਰ ਸਿੰਘ ਦੇ ਨਾਮ ਨਾਲ ਸ. ਬਾਘਾ ਸਿੰਘ ਜੀ ਅਤੇ ਸਰਦਾਰਨੀ ਪ੍ਰਤਾਪ ਕੌਰ ਜੀ ਦੇ ਘਰ ਲੁਧਿਆਣਾ ਵਿਖੇ ਜਨਮ ਲਿਆ।

ਧੰਨੁ ਸੁ ਵੰਸੁ ਧੰਨੁ ਸੁ ਪਿਤਾ,
ਧੰਨੁ ਸੁ ਮਾਤਾ ਜਿਨਿ ਜਨ ਜਣੇ
ਕਬੀਰ ਸੋਈ ਕੁਲ ਭਲੀ,
ਜਾ ਕੁਲ ਹਰਿ ਕੋ ਦਾਸੁ,
ਧੰਨੁ ਧੰਨੁ ਪਿਤਾ ਧਨ ਧੰਨੁ ਕੁਲ,
ਧਨੁ ਧਨੁ ਸੁ ਜਨਨੀ
ਜਿਨਿ ਗੁਰੂ ਜਣਿਆ ਮਾਇ॥

ਬਾਅਦ ਵਿਚ ਸੰਤ ਬਾਬਾ ਨੰਦ ਸਿੰਘ ਜੀ ਨੇ ਇਨ੍ਹਾਂ ਦਾ ਨਾਂ ਬਦਲ ਕੇ ਈਸ਼ਰ ਸਿੰਘ ਰੱਖ ਦਿੱਤਾ। ਜਿਨ੍ਹਾਂ ਦਾ 26 ਮਾਰਚ ਨੂੰ ਦੁਨੀਆਂ ਭਰ 'ਚ ਨਾਨਕਸਰ ਗੁਰੂਘਰਾਂ ਵਿਚ ਅਤੇ ਹੋਰ ਗੁਰਦੁਆਰਿਆਂ ਵਿਚ ਉਨ੍ਹਾਂ ਦਾ ਆਗਮਨ ਜਨਮ ਦਿਵਸ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਕੀਰਤਨ ਕਥਾ ਨਾਲ ਜੋੜ ਕੇ ਮਨਾਇਆ ਜਾ ਰਿਹਾ ਹੈ।

ਸੰਤ ਬਾਬਾ ਈਸ਼ਰ ਸਿੰਘ ਜੀ ਦੇ ਜੀਵਨ 'ਤੇ ਝਾਤ ਮਾਰੀਏ, ਤਾਂ ਉਹ ਸਿਰਫ 13 ਸਾਲ ਦੀ ਉਮਰ ਵਿਚ ਸੰਤ ਬਾਬਾ ਨੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਸ਼ਰਨ ਲੈਣ ਆਏ ਸਨ। ਉਸ ਦਿਨ ਤੋਂ ਬਾਬਾ ਜੀ ਹਰ ਸਮੇਂ ਸੰਤ ਬਾਬਾ ਨੰਦ ਸਿੰਘ ਜੀ ਦੀ ਸੇਵਾ ਵਿਚ ਤਿਆਰ ਰਹਿੰਦੇ ਸਨ। ਹਰ ਕੋਈ ਜਾਣਦਾ ਹੈ ਕਿ ਸੰਤ ਬਾਬਾ ਨੰਦ ਸਿੰਘ ਜੀ ਹਮੇਸ਼ਾ ਉਜਾੜਾਂ ਵਿਚ ਰਹਿੰਦੇ ਸਨ, ਜਿੱਥੇ ਆਮ ਲੋਕ ਨਹੀਂ ਪਹੁੰਚ ਸਕਦੇ ਸਨ। ਪਰ ਬਾਬਾ ਜੀ ਆਪਣੇ ਗੁਰੂ ਤੋਂ ਹੁਕਮ ਲੈਣ ਅਤੇ ਜੋ ਵੀ ਕਰਨ ਲਈ ਕਿਹਾ ਜਾਂਦਾ ਸੀ, ਉਸ ਨੂੰ ਪੂਰਾ ਕਰਨ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ ਅਤੇ ਸੌਣ ਦੀ ਪਰਵਾਹ ਨਹੀਂ ਕਰਦੇ ਸਨ ਜਾਂ ਆਪਣੇ ਕੱਪੜੇ ਜਾਂ ਸਰੀਰ ਦੀ ਚਿੰਤਾ ਨਹੀਂ ਕਰਦੇ ਸਨ। ਬਾਬਾ ਜੀ ਨੇ ਜ਼ਿਆਦਾਤਰ ਸਮਾਂ ਨੰਗੇ ਪੈਰੀਂ ਰਹਿ ਕੇ ਆਪਣੇ ਮਾਲਕ ਦੀ ਸੇਵਾ ਕੀਤੀ। ਸੰਤ ਬਾਬਾ ਨੰਦ ਸਿੰਘ ਜੀ ਨੇ ਬਾਬਾ ਜੀ ਨੂੰ ਲਹਿਰਾਗਾਗਾ ਦੇ ਸੰਤ ਵਧਾਵਾ ਸਿੰਘ ਜੀ ਕੋਲ ਧਰਮ ਗ੍ਰੰਥ ਦਾ ਅਧਿਐਨ ਕਰਨ ਲਈ ਭੇਜਿਆ। ਧਰਮ ਗ੍ਰੰਥ ਦਾ ਅਧਿਐਨ ਕਰਨ ਤੋਂ ਬਾਅਦ ਬਾਬਾ ਜੀ ਸੰਤ ਬਾਬਾ ਨੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਠੰਢੀ ਛਾਂ ਹੇਠ ਰਹਿਣ ਲਈ ਵਾਪਸ ਆ ਗਏ। ਬਾਬਾ ਜੀ ਆਪਣੇ ਪਿਆਰ, ਸ਼ਰਧਾ ਅਤੇ ਸਮਰਪਣ ਕਾਰਨ ਸੰਤ ਬਾਬਾ ਨੰਦ ਸਿੰਘ ਜੀ ਦੇ ਹਜ਼ੂਰੀਆ ਸੇਵਾਦਾਰ ਬਣੇ।

ਸੰਤ ਬਾਬਾ ਨੰਦ ਸਿੰਘ ਜੀ ਸੰਮਤ 2000 (29 ਅਗਸਤ, 1943) ਨੂੰ 13ਵੇਂ ਬਦਰੋਂ ਨੂੰ ਸਵਰਗੀ ਨਿਵਾਸ ਲਈ ਰਵਾਨਾ ਹੋਏ। ਸੰਤ ਬਾਬਾ ਈਸ਼ਰ ਸਿੰਘ ਜੀ ਆਪਣੇ ਗੁਰੂ ਦੇ ਵਿਛੋੜੇ ਨੂੰ ਸਮਝਣ ਤੋਂ ਅਸਮਰੱਥ ਸਨ ਕਿ ਉਹ ਦੇਹਰਾਦੂਨ ਚਲੇ ਗਏ ਅਤੇ ਉਥੋਂ ਝੋਰੜਾਂ ਆ ਗਏ। ਉਹ ਕਦੇ-ਕਦਾਈਂ ਕਿਸੇ ਨੂੰ ਮਿਲਦੇ ਸਨ ਅਤੇ 7 ਸਾਲਾਂ ਤੱਕ ਲਗਾਤਾਰ ਹੰਝੂ ਵਗਦੇ ਰਹੇ। ਇਸ ਦੌਰਾਨ ਨਾਨਕਸਰ ਕਲੇਰਾਂ ਨੂੰ ਕੁਝ ਸੁਆਰਥੀ ਲੋਕਾਂ ਨੇ ਕਾਬੂ ਕਰ ਲਿਆ। ਕੁਝ ਸਾਲਾਂ ਬਾਅਦ ਵੱਖ-ਵੱਖ ਪਿੰਡਾਂ ਦੀਆਂ ਸਿੱਖ ਸੰਗਤਾਂ ਇਕੱਠੀਆਂ ਹੋਈਆਂ ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਨੂੰ ਨਾਨਕਸਰ ਕਲੇਰਾਂ ਦਾ ਚਾਰਜ ਸੰਭਾਲਣ ਲਈ ਬੇਨਤੀ ਕੀਤੀ। ਇਸ ਦਾ ਬਾਬਾ ਜੀ ਨੇ ਜਵਾਬ ਦਿੱਤਾ ਕਿ ਜਦੋਂ ਸਰਬ ਸ਼ਕਤੀਮਾਨ ਆਗਿਆ ਦੇਵੇ, ਤਾਂ ਮੈਂ ਚਾਰਜ ਸੰਭਾਲਾਂਗਾ ਅਤੇ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਹੋਵਾਂਗਾ। ਬਾਬਾ ਜੀ ਲਗਭਗ ਇੱਕ ਮਹੀਨਾ ਹਜ਼ੂਰ ਸਾਹਿਬ ਵਿਖੇ ਰਹੇ। ਉਥੋਂ ਬਾਬਾ ਜੀ ਸੰਨ 1950 ਵਿਚ ਨਾਨਕਸਰ ਕਲੇਰਾਂ ਵਾਪਸ ਆ ਗਏ। ਜਦੋਂ ਬਾਬਾ ਜੀ ਉਥੇ ਪਹੁੰਚ ਗਏ, ਤਾਂ ਸੰਗਤਾਂ ਨਾਨਕਸਰ ਆਉਣ ਲੱਗ ਪਈਆਂ ਕਿਉਂਕਿ ਅਸਲ ਵਾਰਿਸ ਉਥੇ ਪਹੁੰਚ ਗਏ ਸਨ। ਕਿਉਂਕਿ ਬਾਬਾ ਈਸ਼ਰ ਸਿੰਘ ਜੀ ਦੀ ਜੋਤ, ਬਾਬਾ ਨੰਦ ਸਿੰਘ ਦੀ ਇਕ ਹੋ ਚੁੱਕੀ ਸੀ ਤੇ ਉਹ ਉਨ੍ਹਾਂ ਦਾ ਹੀ ਰੂਪ ਹੋ ਚੁਕੇ ਸਨ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮੁ॥ 846॥

ਨਾਨਕਸਰ ਪਹੁੰਚ ਕੇ ਬਾਬਾ ਈਸ਼ਰ ਸਿੰਘ ਜੀ ਨੇ ਇੱਕ ਦਿਨ ਸਵੇਰ ਦੀ ਅਰਦਾਸ ਦੇ ਭੋਗ ਤੋਂ ਬਾਅਦ ਸੇਵਾਦਾਰਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਸਰੋਵਰ ਦੀ ਉਸਾਰੀ ਸ਼ੁਰੂ ਕਰਨ ਲਈ ਤਿਆਰ ਹੋਣ ਲਈ ਕਿਹਾ। ਉਨ੍ਹਾਂ ਸਾਰਿਆਂ ਦਾ ਵਿਚਾਰ ਸੀ ਕਿ ਇਸ ਨੂੰ ਪੂਰਾ ਕਰਨ ਲਈ ਘੱਟੋ-ਘੱਟ ਇਕ ਸਾਲ ਦਾ ਸਮਾਂ ਲੱਗੇਗਾ। ਬਾਬਾ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਆਉਣ ਵਾਲੀ ਪੂਰਨਮਾਸ਼ੀ ਨੂੰ ਇਸ ਵਿਚ ਪਾਣੀ ਛੱਡਣ ਦੀ ਹਦਾਇਤ ਕੀਤੀ ਗਈ ਹੈ। ਇਸ ਤਰ੍ਹਾਂ ਬਾਬਾ ਜੀ ਨੇ 13 ਹਾੜ (ਜੂਨ ਦੇ ਆਖਰੀ ਹਫ਼ਤੇ) ਨੂੰ ਇਸ ਦੀ ਉਸਾਰੀ ਸ਼ੁਰੂ ਕੀਤੀ। ਨਾਨਕਸਰ ਸਰੋਵਰ ਚਮਤਕਾਰੀ ਢੰਗ ਨਾਲ ਰਿਕਾਰਡ 28 ਦਿਨਾਂ ਵਿਚ ਮੁਕੰਮਲ ਹੋ ਗਿਆ ਅਤੇ ਪੂਰਨਮਾਸ਼ੀ ਨੂੰ ਇਸ ਵਿਚ ਜਲ ਭਰ ਦਿੱਤਾ ਗਿਆ।

ਇੱਕ ਵਾਰ ਬਹੁਤ ਭਾਰੀ ਬਰਸਾਤ ਕਾਰਨ ਨਾਨਕਸਰ ਵਿਖੇ ਕੱਚੇ ਦੀ ਉਸਾਰੀ ਜ਼ਮੀਨ 'ਤੇ ਡਿੱਗ ਗਈ। ਜ਼ਮੀਨਦੋਜ਼ ਕੱਚੇ ਕਮਰੇ ਜਿੱਥੇ ਬਾਬਾ ਨੰਦ ਸਿੰਘ ਜੀ ਸਿਮਰਨ ਕਰਦੇ ਸਨ, ਪਾਣੀ ਭਰ ਗਿਆ। ਪੂਰਾ ਇਲਾਕਾ ਪਾਣੀ ਵਿਚ ਡੁੱਬ ਗਿਆ। ਜਦੋਂ ਪਾਣੀ ਘੱਟ ਗਿਆ, ਤਾਂ ਬਾਬਾ ਈਸ਼ਰ ਸਿੰਘ ਜੀ ਨੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖਣ ਲਈ ਮਲਬਾ ਹਟਾਉਣ ਦੀ ਹਦਾਇਤ ਕੀਤੀ, ਜਿਸ ਨੂੰ ਨਾਨਕਸਰ ਕਲੇਰਾਂ ਵਜੋਂ ਜਾਣਿਆ ਜਾਵੇਗਾ। ਬਾਬਾ ਈਸ਼ਰ ਸਿੰਘ ਜੀ ਨੇ ਸੰਮਤ 2008 ਵਿਚ ਚੇਤ ਦੀ ਸੰਗਰਾਂਦ ਨੂੰ ਇਸ ਅਸਥਾਨ ਦੀ ਨੀਂਹ ਰੱਖੀ ਸੀ। ਵੱਡੀ ਗਿਣਤੀ ਵਿਚ ਸੰਗਤ ਜਿਨ੍ਹਾਂ ਵਿਚ ਤਰਖਾਣ, ਮਿਸਤਰੀ ਅਤੇ ਲੁਹਾਰ ਸ਼ਾਮਲ ਸਨ, ਮੁਫਤ ਸੇਵਾ ਕਰਨ ਲਈ ਆਏ ਸਨ। ਇੰਜੀਨੀਅਰ ਅਤੇ ਹੋਰ ਮਾਹਰ ਡਿਜ਼ਾਇਨ ਦੀ ਦੇਖਭਾਲ ਲਈ ਸਾਰੇ ਪਾਸੇ ਤੋਂ ਆਏ ਸਨ। ਗੋਲਡਨ ਕਲਸ਼, ਜੋ ਕਿ 39 ਫੁੱਟ ਗੋਲ ਅਤੇ 13 ਫੁੱਟ ਉੱਚਾ ਹੈ, ਨੂੰ ਵਿਸ਼ੇਸ਼ ਸਿਖਲਾਈ ਪ੍ਰਾਪਤ ਵਿਅਕਤੀਆਂ ਦੁਆਰਾ ਬਣਾਇਆ ਗਿਆ ਸੀ। ਬਾਬਾ ਜੀ ਨੇ ਨਾਨਕਸਰ ਆ ਕੇ ਮਰਿਯਾਦਾ (ਸੰਤ ਬਾਬਾ ਨੰਦ ਸਿੰਘ ਜੀ ਦੁਆਰਾ ਦੱਸੀ ਸਾਰੀ ਮਰਿਯਾਦਾ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ।

ਬਾਬਾ ਈਸ਼ਰ ਸਿੰਘ ਜੀ ਨੇ ਨਾ ਸਿਰਫ਼ ਸ੍ਰੀ ਸੁਖਮਨੀ ਸਾਹਿਬ ਜੀ ਦੇ ਕੀਰਤਨ ਅਤੇ ਅਖੰਡ ਪਾਠ ਨੂੰ ਜਾਰੀ ਰੱਖ ਕੇ ਬਾਬਾ ਨੰਦ ਸਿੰਘ ਜੀ ਦੇ ਭੋਜਨ ਦੇ ਕਦਮਾਂ ਦੀ ਪਾਲਣਾ ਕੀਤੀ, ਬਲਕਿ ਸ੍ਰੀ ਸੰਪਟ ਅਖੰਡ ਪਾਠਾਂ ਦੀ ਸ਼ੁਰੂਆਤ ਵੀ ਕੀਤੀ। ਸਭ ਤੋਂ ਮਹੱਤਵਪੂਰਨ ਵਾਧਾ ਵੱਡੇ ਪੱਧਰ 'ਤੇ ਅੰਮ੍ਰਿਤ ਛਕਾਉਣਾ ਸੀ, ਜੋ ਤਕਰੀਬਨ ਸਾਡੇ ਸੱਤ ਲੱਖ ਸੀ। ਬਹੁਤ ਸਾਰੇ ਬਿਹੰਗਮ ਨਾਨਕਸਰ ਵਿਖੇ ਪੱਕੇ ਤੌਰ 'ਤੇ ਰਹਿਣ ਲੱਗ ਪਏ ਅਤੇ ਉਨ੍ਹਾਂ ਨੇ ਸਵੇਰੇ-ਸ਼ਾਮ ਕੀਰਤਨ ਦੀ ਡਿਊਟੀ ਸੰਭਾਲ ਲਈ। ਕਈ ਨਾਮਵਰ ਰਾਗੀਆਂ ਨੇ ਨਾਨਕਸਰ ਵਿਖੇ ਨਤਮਸਤਕ ਹੋ ਕੇ ਕੀਰਤਨ ਕੀਤਾ। ਬਾਬਾ ਜੀ ਨੇ ਪੂਰਨਮਾਸ਼ੀ 'ਤੇ ਵਿਸ਼ਾਲ ਦੀਵਾਨ ਲਗਾਉਣੇ ਸ਼ੁਰੂ ਕਰ ਦਿੱਤੇ। ਕਈ ਵਾਰ, ਬਾਬਾ ਜੀ ਨੇ ਵੱਖ-ਵੱਖ ਪਿੰਡਾਂ ਵਿਚ ਇੱਕ ਦਿਨ ਵਿਚ ਪੰਜ-ਪੰਜ ਦੀਵਾਨ ਰੱਖੇ। ਬਾਬਾ ਜੀ ਨੇ ਭਾਰਤ ਦੇ ਮਹੱਤਵਪੂਰਨ ਸ਼ਹਿਰਾਂ ਦਾ ਦੌਰਾ ਕਰਕੇ ਇਸ ਮਿਸ਼ਨ ਨੂੰ ਪੂਰੇ ਭਾਰਤ ਵਿਚ ਨਾਮ-ਬਾਣੀ ਦਾ ਛੱਟਾ ਦਿੱਤਾ। ਬਾਬਾ ਜੀ ਦਾ ਅੰਮ੍ਰਿਤ ਛਕਣ ਦਾ ਹੁਕਮ ਹਰ ਥਾਂ ਲਾਜ਼ਮੀ ਸੀ। ਬਾਬਾ ਈਸ਼ਰ ਸਿੰਘ ਜੀ ਨੇ ਲੱਖਾਂ ਲੋਕਾਂ ਨੂੰ ਅੰਮ੍ਰਿਤ ਛਕਾਉਣ ਵਿਚ ਅਹਿਮ ਭੂਮਿਕਾ ਨਿਭਾਈ। ਬਾਬਾ ਜੀ ਨੇ ਹਮੇਸ਼ਾ ਸਰਬ ਸਾਂਝੀਵਾਲਤਾ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ 'ਤੇ ਜ਼ੋਰ ਦਿੱਤਾ ਅਤੇ ਲੋਕਾਂ ਨੂੰ ਕਿਹਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਤ ਬ੍ਰਹਮਤਾ (ਸ੍ਰੀ ਗੁਰੂ ਨਾਨਕ ਦੇਵ ਜੀ) ਵਜੋਂ ਪ੍ਰਗਟ ਗੁਰਾਂ ਦੀ ਦੇਹ ਮੰਨ ਕੇ ਚੱਲਣ ਦਾ ਪ੍ਰਚਾਰ ਕੀਤਾ।


ਬਾਬਾ ਈਸ਼ਰ ਸਿੰਘ ਜੀ ਸਤੰਬਰ 1963 ਵਿਚ ਸਪਰੋਂ (ਸ਼ਿਮਲਾ) ਗਏ ਅਤੇ ਨਾਨਕਸਰ ਨੂੰ ਜਾਣ ਤੋਂ ਪਹਿਲਾਂ ਪਿੰਜੌਰ ਵਿਖੇ ਇਕ ਰਾਤ ਠਹਿਰੇ। ਬਾਬਾ ਜੀ ਨੇ 3 ਅਕਤੂਬਰ, 1963 ਨੂੰ ਪੂਰਨਮਾਸ਼ੀ ਦੇ ਦੀਵਾਨ ਵਿਚ ਸੰਗਤਾਂ ਨੂੰ ਸੰਬੋਧਨ ਕੀਤਾ ਸੀ। ਬਾਬਾ ਜੀ ਨੇ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਨੂੰ ਜਲਦੀ ਹੀ ਸਵਰਗੀ ਨਿਵਾਸ ਲਈ ਜਾਣਾ ਪਵੇਗਾ ਪਰ ਬਦਕਿਸਮਤੀ ਨਾਲ ਕੋਈ ਵੀ ਬਾਬਾ ਜੀ ਦੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰ ਸਕਿਆ। 6 ਅਕਤੂਬਰ, 1963 ਨੂੰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਉਪਰੰਤ ਬਾਬਾ ਈਸ਼ਰ ਸਿੰਘ ਜੀ ਇਸ ਸੰਸਾਰ ਨੂੰ ਅਲਵਿਦਾ ਆਖ ਕੇ ਰੋਂਦੇ ਹੋਏ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਅੱਖ ਝਪਕਦਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਪਹੁੰਚੇ।

26 ਮਾਰਚ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਆਉ ਸਭ ਉਨ੍ਹਾਂ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਚਲਾਏ ਬਾਣੀ ਤੇ ਬਾਣੇ ਦੇ ਧਾਰਨੀ ਬਣੀਏ, ਤੇ ਆਪਣਾ ਜਨਮ ਸੁਹੇਲਾ ਕਰੀਏ।

# ਜੱਟ ਦੀ ਜੂਨ

## ਦਰਦ ਭਰਿਆ ਲੇਖ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)









ਇੱਥੇ ਜੱਟ ਤੋਂ ਭਾਵ ਜੱਟ ਬਰਾਦਰੀ ਨਹੀਂ ਹੈ। ਜੱਟ ਵਾਲੀ ਬਹਾਦਰੀ ਅਤੇ ਦਰਿਆ ਦਿਲੀ ਦੀ ਚਰਚਾ ਵੀ ਨਹੀਂ ਹੈ। ਇਸ ਕਹਾਣੀ ਵਿਚ ਗੱਲ ਕਿਰਸਾਨੀ ਕਰਨ ਵਾਲੇ ਹਰ ਵਿਅਕਤੀ ਨਾਲ ਵਾਬਸਤਾ ਹੈ, ਜਿਸ ਦੀ ਜਾਤ ਬਰਾਦਰੀ ਬੇਸ਼ੱਕ ਕੋਈ ਵੀ ਹੈ, ਉਸ ਵਾਸਤੇ ਜੱਟ ਲਫ਼ਜ਼ ਹੀ ਵਰਤਿਆ ਗਿਆ ਹੈ। ਜੱਟ ਦੀ ਜੂਨ ਤੋਂ ਭਾਵ ਖੇਤੀ ਬਾੜੀ ਵਿਚ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਨੂੰ ਉਜਾਗਰ ਕਰਨਾ ਹੈ। ਖੇਤ ਖਲਿਆਣ ਥੋੜ੍ਹੇ ਹੋਣ ਜਾਂ ਜ਼ਿਆਦਾ ਹੋਣ, ਜ਼ਿੰਦਗੀ ਵਿਚ ਬਹੁਤਾ ਸਮਾਂ ਕਿਰਸਾਨੀ ਕਰਨ ਵਾਲਾ ਮਜਬੂਰ, ਲਾਚਾਰ ਜਾਂ ਕਰਜ਼ੇ ਦੇ ਬੋਝ ਹੇਠ ਦੱਬਿਆ ਵਿਚਾਰਾ ਜਿਹਾ ਹੀ ਦਿੱਸਦਾ ਹੈ। ਬੱਸ ਇਸੇ ਗੱਲ ਤੋਂ ਹੀ ਇਹ ਕਹਾਣੀ ਬਣਦੀ ਹੈ ਕਿ ਜੱਟ ਦੀ ਜੂਨ ਬੁਰੀ ਹੈ। ਸਾਰਾ ਦਿਨ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਫਸਲ ਉਗਾਉਣੀ ਪਾਲਣੀ ਸਾਂਭਣੀ ਅਤੇ ਆਪਣੇ ਸੌ ਸ਼ੌਂਕ ਮਾਰ ਕੇ ਹਾੜੀ, ਸਾਉਣੀ ਆਉਣ ਦੀਆਂ ਉਮੀਦਾਂ ਵਿਚ ਉਡੀਕ ਕਰਨੀ। ਜਿਸ ਦਿਨ ਫਸਲ ਬੀਜਣੀ, ਉਸੇ ਦਿਨ ਕੀੜੀਆਂ ਕਾਢਿਆਂ, ਚੂਹਿਆਂ ਅਤੇ ਚਿੜੀ ਜਨੌਰਾਂ ਨੇ ਜੱਟ ਨੂੰ ਖਾਣਾ ਸ਼ੁਰੂ ਕਰ ਦੇਣਾ। ਫਸਲ ਸਿਆਣੀ ਹੋਣ ਲੱਗਣੀ, ਤਾਂ ਲੋਕਾਂ ਨੇ ਖੇਤ ਵਿਚੋਂ ਕੱਖ ਕੰਡਾ ਕੱਢਣ ਦੇ ਬਹਾਨੇ ਗੋਭ 'ਤੇ ਆਈ ਫਸਲ ਹੀ ਵੱਢ ਕੇ ਪਸ਼ੂਆਂ ਨੂੰ ਖੁਆ ਦੇਣੀ, ਭੋਰਾ ਤਰਸ ਨਹੀਂ ਕਰਨਾ ਜੱਟ 'ਤੇ। ਉਧਰੋਂ ਫਸਲ ਨਿੱਸਰਨ ਲੱਗਣੀ, ਤਾਂ ਉਹੀ ਚਿੜੀਆਂ ਜਨੌਰਾਂ ਨੇ ਫਿਰ ਦਸਤਕ ਆ ਦੇਣੀ, ਜਿਨ੍ਹਾਂ ਨੇ ਬੀਜਣ ਵੇਲੇ ਬੁੱਲੇ ਲੁੱਟੇ ਸੀ। ਹੁਣ ਫਸਲ ਪੱਕਣ ਵਾਲੀ ਹੋਣੀ 'ਤੇ ਜੱਟ ਦਾ ਸੀਨਾ ਚੌੜਾ ਹੋ ਜਾਣਾ, ਸਿਰਫ ਪ੍ਰੀਵਾਰਕ ਮੈਂਬਰਾਂ ਨੂੰ ਹੀ ਨਹੀਂ, ਰਿਸ਼ਤੇਦਾਰਾਂ, ਯਾਰਾਂ, ਬਾਸ਼ਆਂ, ਸੀਰੀ, ਉਸ ਦੇ ਜਵਾਕਾਂ ਨੂੰ ਵੀ ਲਾਰੇ-ਲੱਪੇ ਲਾਉਣੇ ਸ਼ੁਰੂ ਕਰ ਦਿੱਤੇ ਜਾਂਦੇ ਹਨ ਕਿ ਇਸ ਵਾਰ ਬਾਹਗੁਰੂ ਨੇ ਫਸਲ ਬਹੁਤ ਵਧੀਆ ਕੀਤੀ ਹੈ, ਕਣਕ ਜਮਾਂ ਕੰਧ ਵਾਂਗ ਖੜ੍ਹੀ ਹੈ, ਐਤਕੀਂ ਸਾਰਾ ਕਰਜ਼ਾ ਕੁਰਜਾ ਲਾਹ ਸੁੱਟਣੈ ਤੇ ਥੋਨੂੰ ਕੱਪੜੇ-ਲੀੜੇ ਰੀਝ ਨਾਲ ਸਮਾਂ ਕੇ ਦੇਣੇ ਐ। ਇਹੋ ਜਿਹੇ ਵਾਅਦੇ ਬਹੁਤ ਵਾਰ ਟੁੱਟਦੇ ਵੇਖ ਪੰਜਾਬੀ ਬੋਲੀ ਦੇ ਲਾਡਲੇ ਸ਼ਾਇਰ ਲਾਲਾ ਧਨੀਰਾਮ ਚਾਤ੍ਰਿਕ ਜੀ ਨੇ ਲਿਖਿਆ ਹੋਵੇਗਾ "ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਰਸਾਣ, ਵਾਉ ਝੱਖੜ ਝੋਲਿਓਂ ਘਰ ਆਵੈ ਤੈ ਜਾਣ" ਕਿਉਂਕਿ ਜੱਟ ਦੀ ਸਾਂਝ ਡਾਢੇ ਰੱਬ ਨਾਲ ਜੁ ਹੋਈ, ਉਹ ਆਪਣੇ ਰੰਗਾਂ ਦਾ ਆਪ ਰਾਂਝਾ ਹੈ, ਅਰਸ਼ 'ਤੇ ਰੱਖੇ ਜਾਂ ਫਰਸ਼ 'ਤੇ। ਅੱਜ ਜੋ ਹਾਲਾਤ ਪੰਜਾਬ ਦੇ ਮੌਸਮ ਦੇ ਹਨ, ਵਿਸ਼ੇਸ਼ ਕਰਕੇ ਪਟਿਆਲਾ ਇਲਾਕੇ ਦੇ ਤਾਂ ਇਹ ਕੁਝ ਲਿਖਣ ਨੂੰ ਕਲਮ ਉੱਠੀ, ਨਾਲੇ ਜਗਤ ਦਾ ਢਿੱਡ ਭਰਨੀ ਕਣਕ ਦੇ ਦਾਣਿਆਂ ਦੀ ਫੋਟੋ ਵੀ ਪੇਸ਼ ਹੈ। ਕਿਰਸਾਨੀ ਦਾ ਦਰਦ ਰੱਖਣ ਵਾਲੇ ਇੱਕ ਹੋਰ ਸਿਰਮੌਰ ਕਵੀ (ਸੰਤ ਰਾਮ ਉਦਾਸੀ) ਜੀ ਨੇ ਵੀ ਕਣਕ ਦੀ ਫ਼ਸਲ ਉੱਤੇ ਹਾਲਾਤਾਂ ਦੀ ਤਰਜਮਾਨੀ ਕਰਦਿਆਂ 'ਜੱਟ ਦੀ ਜੂਨ' ਉਤੇ ਕਵਿਤਾ ਲਿਖੀ ਸੀ.. 'ਗਲ ਲੱਗ ਕੇ ਸੀਰੀ ਦੇ ਜੱਟ ਰੋਵੇ ਬੋਹਲਾਂ ਵਿਚੋਂ ਨੀਰ ਵਗਿਆ, ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ ਤੂੜੀ ਵਿਚੋਂ ਪੁੱਤ ਜੱਗਿਆ॥ ਸਾਡੇ ਪਿੜ ਵਿਚ ਤੇਰੇ ਗਲ ਚੀਥੜੇ ਨੀ ਮੇਰੀਏ ਜਵਾਨ ਕਣਕੇ, ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿਚੋਂ ਨਿਕਲੇਂ ਤੂੰ ਸੋਨੇ ਦਾ ਪਟੋਲਾ ਬਣਕੇ॥ ਤੂੰ ਵੀ ਬਣ ਗਿਓਂ ਗ਼ਮਾਂ ਦਾ ਗਵੰਤਰੀ ਉਹੋ ਮੇਰੇ ਬੇ ਜ਼ੁਬਾਨ ਢੱਗਿਆ, ਗਲ ਲੱਗ ਕੇ ਸੀਰੀ ਦੇ ਜੱਟ ਰੋਵੇ ਬੋਹਲਾਂ ਵਿਚੋਂ ਨੀਰ ਵਗਿਆ॥ ਅਜੋਕੀ ਕਵਿਤਾ ਹੈ ਦਾਤੇ ਦੀਆਂ ਬੇਪ੍ਰਵਾਹੀਆਂ ਤੋਂ ਉਹ ਲਾਪ੍ਰਵਾਹਾ, ਡਰਿਆ ਕਰ

ਤੂੰ ਹਰ ਦਮ - ਦਮ-ਦਮ ਕਰਦਾ ਏਂ ਦਮ ਦੇਣੇ ਨੇ ਦਮ ਭਰਿਆ ਕਰ
ਉਹ ਪਲ ਵਿਚ ਜਲ ਥਲ ਕਰ ਦਿੰਦਾ ਤੂੰ ਸਾਗਰ ਸੋਚ ਕੇ ਤਰਿਆ ਕਰ
ਇਹ ਦੁਨੀਆਂ ਤਿਲਕਣ ਬਾਜ਼ੀ ਏ ਤੂੰ ਪੈਰ ਸਮਝ ਕੇ ਧਰਿਆ ਕਰ

ਦੱਸਤੋ, ਡਾਢੇ ਦੀਆਂ ਕੀਤੀਆਂ ਨੂੰ ਕੋਈ ਨੀ ਰੋਕ ਸਕਦਾ, ਤਿੰਨ ਦਿਨ ਤੋਂ ਕੁਦਰਤ ਦੀ ਕਰੋਪੀ ਦੇ ਸਾਏ ਹੇਠ ਪੰਜਾਬ ਦਾ ਜੱਟ ਆਇਆ ਬੈਠਾ ਹੈ।

ਕਣਕਾਂ ਦੀ ਹੋਈ ਦੁਰਦਸ਼ਾ ਦੇਖੀ ਨੀ ਜਾਂਦੀ, ਜੱਟ ਗੜਿਆਂ ਦੇ ਉੱਜਲ ਭਰੀ ਅਖਾਂ 'ਚੋਂ ਹੰਝੂ ਕੇਰਦਾ ਦਿਮਾਗ ਵਿਚ ਸੋਨੇ ਰੰਗੀ ਕਣਕ ਦੇ ਸੁਪਨੇ ਸਮੋਈ ਬੈਠਾ ਆਉਣ ਵਾਲੀਆਂ ਕਰਜ਼ੇ ਦੀਆਂ ਕਿਸ਼ਤਾਂ ਦਾ ਪਹਾੜ ਕਿਵੇਂ ਸਿਰੋਂ ਲਾਹੂ। ਸਰਕਾਰਾਂ ਕੋਲ ਕੋਈ ਹਮਦਰਦੀ ਨਹੀਂ, ਬਸ ਉਹ ਤਾਂ ਵੋਟਾਂ ਦੇ ਜੁਗਾੜ ਦੀ ਸੋਚ ਰਹੀ ਹੈ।

# "ਜੇ ਹਵਾ ਇਹੀ ਰਹੀ ਤਾਂ ...?"


ਕੁਲਦੀਪ ਸਾਹਿਲ
ਰਾਜਪੁਰਾ
94179-90040
(Punjab Mail USA)






ਦੇਸ਼ ਦੇ ਹੋਰ ਸੂਬਿਆਂ ਵਾਂਗ ਪੰਜਾਬ ਵਿਚ ਵੀ ਹਵਾ ਦੇ ਪ੍ਰਦੂਸ਼ਨ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਪੰਜਾਬ ਦਾ ਪ੍ਰਸ਼ਾਸਨ, ਸਰਕਾਰ ਅਤੇ ਲੋਕ ਇਸ ਮੁੱਦੇ 'ਤੇ ਗੰਭੀਰ ਨਹੀਂ ਹਨ। ਪੰਜਾਬ ਵਿਚ ਟ੍ਰੈਫਿਕ ਪੁਲਿਸ ਵਲੋਂ ਕਦੇ ਵੀ ਵਾਹਨਾਂ ਦੇ ਪ੍ਰਦੂਸ਼ਨ ਸਰਟੀਫਿਕੇਟਾਂ ਦੀ ਜਾਂਚ ਤਾਂ ਬਹੁਤ ਦੂਰ ਦੀ ਗੱਲ ਹੈ, ਵੱਡੀ ਮਾਤਰਾ ਵਿਚ ਧੂਆਂ ਛੱਡ ਰਹੇ ਵਾਹਨਾਂ ਵੱਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਅਗਰ ਅੰਕੜਿਆਂ ਦੇ ਹਿਸਾਬ ਨਾਲ ਗੱਲ ਕਰੀਏ, ਤਾਂ 80% ਤੋਂ ਵੱਧ ਵਾਹਨਾਂ ਦੇ ਪ੍ਰਦੂਸ਼ਨ ਸਰਟੀਫਿਕੇਟ ਨਹੀਂ ਹਨ। ਅਗਰ ਚੰਡੀਗੜ੍ਹ ਦੀ ਗੱਲ ਕਰੀਏ, ਤਾਂ ਸਿਰਫ 10% ਵਾਹਨਾਂ ਦੇ ਸਰਟੀਫਿਕੇਟ ਨਹੀਂ ਹਨ। ਚੰਡੀਗੜ੍ਹ ਵਿਚ ਡੀਜ਼ਲ ਆਟੋ ਰਿਕਸ਼ਾ 'ਤੇ ਪਾਬੰਦੀ ਹੈ, ਜਦੋਂਕਿ ਪੰਜਾਬ ਵਿਚ ਇਹੋ ਜਿਹੇ ਵਾਹਨਾਂ 'ਤੇ ਕੋਈ ਰੋਕ ਨਹੀਂ ਹੈ। ਪੰਜਾਬ ਵਿਚ ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨ ਵਾਹਨਾਂ ਅਤੇ ਉਦਯੋਗਾਂ ਦੀ ਵਧਦੀ ਗਿਣਤੀ, ਨਿਰਮਾਣ ਕਾਰਜ, ਕੂੜੇ ਦੇ ਜਲਦੇ ਢੇਰ, ਥਰਮਲ ਪਲਾਂਟ, ਸੜਕਾਂ 'ਤੇ ਉਡਦੀ ਧੂੜ, ਉਤਰੀ ਰਾਜਾਂ ਵਿਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਹਰ ਸਾਲ ਲੱਗਦੀ ਅੱਗ ਅਤੇ ਉਸ ਦਾ ਧੂੰਆਂ ਅਤੇ ਦੀਵਾਲੀ ਸਮੇਂ ਜਲਦੇ ਪਟਾਖੇ ਆਦਿ ਹਨ। ਕੋਵਿਡ-19 ਦੇ ਲੌਕਡਾਊਨ ਸਮੇਂ ਪ੍ਰਦੂਸ਼ਨ ਕਾਫੀ ਹੱਦ ਤੱਕ ਘੱਟ ਗਿਆਂ ਸੀ ਕਿਉਂਕਿ ਸਰਕਾਰ ਨੂੰ ਮਜਬੂਰੀ ਵੱਸ ਉਦਯੋਗ ਅਤੇ ਨਿੱਜੀਵਾਹਨ ਬੰਦ ਕਰਨੇ ਪਏ ਸਨ, ਤਾਂ ਇੱਥੋਂ ਦਾ ਆਸਮਾਨ ਬਿਲਕੁਲ ਸਾਫ ਹੋ ਗਿਆ ਸੀ, ਜਦੋਂਕਿ ਉਸ ਸਮੇਂ ਪੰਜਾਬ ਅਤੇ ਹਰਿਆਣੇ ਦੇ ਕਿਸਾਨ ਆਪਣੀ ਹਾੜ੍ਹੀ ਦੀ ਫਸਲ ਚੁੱਕ ਰਹੇ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਵੀ ਅੱਗ ਲਾ ਰਹੇ ਸਨ। ਕੋਇਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ, ਜੋ ਹਰ ਰੋਜ਼ ਵਾਤਾਵਰਨ ਵਿਚ ਵੱਡੀ ਮਾਤਰਾ ਵਿਚ ਸਲਫਰ ਡਾਇਆਕਸਾਈਡ, ਨਾਈਟਰੋਜਨ ਆਕਸਾਈਡ ਅਤੇ ਪੀ.ਐੱਮ. 10 ਅਤੇ ਪੀ.ਐੱਮ. 2.5 ਦੇ ਕਣ ਸੁੱਟਦੇ ਹਨ, ਉਤੇ ਐੱਮ.ਓ.ਈ.ਐੱਫ.ਸੀ.ਸੀ. ਵੱਲੋਂ 2015 'ਚ ਨਿਰਧਾਰਤ ਕੀਤੇ ਨਿਯਮ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ। ਥਰਮਲ ਪਲਾਂਟਾਂ ਦੇ ਮਾਲਕਾਂ ਨੇ 2015 ਦੇ ਵਾਤਾਵਰਣ ਨਿਯਮਾਂ 'ਚ ਢਿੱਲ ਦੇਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਿੱਤੀ ਸੀ ਅਤੇ ਉਸ ਵਿਚ ਉਨ੍ਹਾਂ ਨੂੰ 2022 ਤੱਕ ਢਿੱਲ ਮਿਲ ਗਈ ਹੈ। ਸੈਂਟਰ ਫਾਰ ਸਾਇੰਸ ਅਤੇ ਇਨਵਾਇਰਨਮੈਂਟ ਦੀ ਇਕ ਰਿਪੋਰਟ ਅਨੁਸਾਰ ਹਾਲ ਦੀ ਘੜੀ ਥਰਮਲ ਪਲਾਂਟਾਂ ਵਿਚੋਂ ਸਿਰਫ 2% ਪਲਾਂਟ ਹੀ ਵਾਤਾਵਰਨ ਨਿਯਮਾਂ 'ਤੇ ਖਰੇ ਉਤਰਦੇ ਹਨ। ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਢਿੱਲਾਂ ਪੰਜਾਬ ਦੇ ਵਾਤਾਵਰਨ ਨੂੰ ਤੇਜ਼ੀ ਨਾਲ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ।

ਹਵਾ ਦਾ ਪ੍ਰਦੂਸ਼ਣ ਇੱਕ ਅਦਿੱਖ ਜ਼ਹਿਰ ਹੈ, ਜੋ ਰੋਜ਼ਾਨਾ ਹਜ਼ਾਰਾਂ ਜ਼ਿੰਦਗੀਆਂ ਨੂੰ ਨਿਗਲ ਰਿਹਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਹਵਾ ਪ੍ਰਦੂਸ਼ਣ ਸਾਡੇ ਫੇਫੜਿਆਂ ਨੂੰ ਕਿੰਨਾ ਪ੍ਰਭਾਵਿਤ ਕਰਦਾ ਹੈ, ਪਰ ਇਹ ਨੁਕਸਾਨ ਸਿਰਫ ਫੇਫੜਿਆਂ ਤੱਕ ਹੀ ਸੀਮਤ ਨਹੀਂ ਹੈ। ਪ੍ਰਦੂਸ਼ਣ ਸਾਡੇ ਦਿਲ, ਦਿਮਾਗ, ਅੱਖਾਂ ਅਤੇ ਚਮੜੀ ਦੀ ਸਿਹਤ ਦੇ ਨਾਲ-ਨਾਲ ਗਠੀਏ ਵਰਗੀਆਂ ਆਟੋਇਮਿਊਨ ਬਿਮਾਰੀਆਂ ਦਾ ਕਾਰਨ ਵੀ ਬਣ ਰਿਹਾ ਹੈ। ਦੁਨੀਆਂ ਵਿਚ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਭਾਰਤ ਦੇ 22 ਦੇ ਕਰੀਬ ਸ਼ਹਿਰ ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿਚੋ ਆਉਂਦੇ ਹਨ। ਪ੍ਰਦੂਸ਼ਣ ਕਾਰਨ ਇਕ ਸਾਲ ਵਿਚ ਲਗਭਗ 24 ਲੱਖ ਭਾਰਤੀਆਂ ਦੀ ਮੌਤ ਹੋਈ, ਜਿਨ੍ਹਾਂ ਵਿਚੋਂ 16.7 ਲੱਖ ਲੋਕ ਇਕੱਲੇ ਹਵਾ ਪ੍ਰਦੂਸ਼ਣ ਕਾਰਨ ਆਪਣੀ ਜਾਨ ਗੁਆ ਬੈਠੇ ਹਨ। ਇਹ ਅੰਕੜਾ ਦੁਨੀਆਂ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਵੱਧ ਹੈ। ਪੰਜਾਬ ਵੀ ਹਵਾ ਪ੍ਰਦੂਸ਼ਨ ਕਰਕੇ ਸਿਹਤਮੰਦ ਨਹੀਂ ਰਿਹਾ। ਅਗਰ ਜ਼ਮੀਨੀ ਪੱਧਰ 'ਤੇ ਦੇਖਿਆ ਜਾਵੇ, ਤਾਂ ਪ੍ਰਦੂਸ਼ਨ ਦੇ ਮੁੱਦੇ 'ਤੇ ਸਰਕਾਰਾਂ, ਪ੍ਰਸ਼ਾਸਨ ਅਤੇ ਲੋਕ ਬੇਖਬਰ ਹਨ। ਹਵਾ ਪ੍ਰਦੂਸ਼ਨ ਇਨਸਾਨ ਲਈ ਇੱਕ ਮੌਤ ਵੱਲ ਜਾਂਦੇ ਰਸਤੇ ਦੇ ਬਰਾਬਰ ਹੀ ਹੈ।

ਜੇ ਜ਼ਿਆਦਾ ਨਹੀਂ ਤਾਂ ਚੰਡੀਗੜ੍ਹ ਦੀ ਤਰਜ਼ 'ਤੇ ਪੰਜਾਬ ਵਿਚ ਵੀ ਸਰਕਾਰ, ਪ੍ਰਸ਼ਾਸਨ ਅਤੇ ਲੋਕਾ ਵਲੋਂ ਮਿਲਕੇ ਹਵਾ ਪ੍ਰਦੂਸ਼ਨ ਨੂੰ ਘੱਟ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।







# ਆਜ਼ਾਦੀ ਸੰਗਰਾਮ ਦਾ ਇਨਕਲਾਬੀ ਕੌਮੀ ਸ਼ਹੀਦ: ਸ਼ਹੀਦ ਭਗਤ ਸਿੰਘ

## ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ 23 ਮਾਰਚ ਨੂੰ ਸਮਰਪਿਤ


-ਡਾ. ਸੰਦੀਪ ਸਿੰਘ ਮੁੰਡੇ
ਪ੍ਰਧਾਨ, ਰਾਜਸਥਾਨ ਪੰਜਾਬੀ ਐਸੋਸੀਏਸ਼ਨ (ਸੰ.),
ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ
ਸੀਸੀ ਹੈਡ, ਸ਼੍ਰੀਗੰਗਾਨਗਰ (ਰਾਜਸਥਾਨ)
ਮੋਬਾਈਲ 9413652646
Email id: sandeepmunday@gmail.com
(Punjab Mail USA)




ਭਾਰਤ ਦੇ ਆਜ਼ਾਦੀ ਸੰਗਰਾਮ 'ਚ ਅਨੇਕ ਕ੍ਰਾਂਤੀਕਾਰੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ, ਪਰ ਇਨ੍ਹਾਂ ਵਿਚੋਂ ਸ਼੍ਰੋਮਣੀ ਸਥਾਨ ਸ਼ਹੀਦ ਭਗਤ ਸਿੰਘ ਨੂੰ ਮਿਲਿਆ ਹੈ। ਸ਼ਹੀਦ ਭਗਤ ਸਿੰਘ ਦੀ ਦ੍ਰਿੜ੍ਹਤਾ ਅਤੇ ਇਨਕਲਾਬੀ ਚੇਤਨਾ ਨੇ ਲੱਖਾਂ ਭਾਰਤੀਆਂ ਦੀ ਸੁੱਤੀ ਚੇਤਨਾ ਨੂੰ ਜਗਾ ਕੇ ਉਨ੍ਹਾਂ ਅੰਦਰ ਗੁਲਾਮੀ ਵਿਰੁੱਧ ਇਨਕਲਾਬੀ ਚੇਤਨਾ ਪੈਦਾ ਕੀਤੀ। ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਲਾਇਲਪੁਰ (ਫੈਸਲਾਬਾਦ) ਜ਼ਿਲ੍ਹੇ ਦੇ ਪਿੰਡ ਬੰਗਾ ਵਿਚ ਹੋਇਆ। ਉਸ ਦਾ ਜੱਦੀ ਘਰ ਭਾਰਤੀ ਪੰਜਾਬ ਦੇ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਜ਼ਿਲ੍ਹੇ ਦੇ ਖਟਕੜ ਕਲਾਂ ਪਿੰਡ ਵਿਚ ਸਥਿਤ ਹੈ। ਉਸਦੇ ਪਿਤਾ ਦਾ ਨਾਂ ਸਰਦਾਰ ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਯਾਵਤੀ ਸੀ। ਸਰਦਾਰ ਭਗਤ ਸਿੰਘ ਨੂੰ ਦੇਸ਼ ਭਗਤੀ ਦਾ ਜਜ਼ਬਾ ਅਤੇ ਜਨੂੰਨ ਪਰਿਵਾਰਕ ਵਿਰਾਸਤ ਵਿਚੋਂ ਮਿਲਿਆ ਸੀ। ਉਸ ਦੇ ਘਰ ਦਾ ਮਾਹੌਲ ਦੇਸ਼ਭਗਤੀ ਦੇ ਵਲਵਲਿਆਂ ਨਾਲ ਭਰਪੂਰ ਸੀ। ਬਚਪਨ ਵਿਚ ਜੋ ਕੁਝ ਉਸ ਦੇ ਆਲੇ-ਦੁਆਲੇ ਵਾਪਰਿਆ, ਉਸਦਾ ਉਸ ਦੇ ਬਾਲਮਨ 'ਤੇ ਗਹਿਰਾ ਪ੍ਰਭਾਵ ਪਿਆ ਸੀ।

ਸਰਦਾਰ ਭਗਤ ਸਿੰਘ ਦਾ ਦਾਦਾ ਅਰਜਨ ਸਿੰਘ, ਜਲਾਵਤਨ ਚਾਚਾ ਅਜੀਤ ਸਿੰਘ, ਸ਼ਹੀਦ ਸਰਵਨ ਸਿੰਘ, ਰਾਸ਼ਟਰਵਾਦੀ ਪਿਤਾ ਕਿਸ਼ਨ ਸਿੰਘ ਸਾਰੇ ਹੀ ਅੰਗਰੇਜ਼ ਵਿਰੋਧੀ ਹੋਣ ਕਰਕੇ ਬਚਪਨ ਵਿਚ ਉਸ ਦੇ ਮਨ ਵਿਚ ਵੀ ਅੰਗਰੇਜ਼ੀ ਹਕੂਮਤ ਖਿਲਾਫ਼ ਨਫ਼ਰਤ ਦੇ ਬੀਜ ਪੁੰਗਰਨ ਲੱਗ ਪਏ ਸਨ। ਉਸ ਨੇ ਕ੍ਰਾਂਤੀਕਾਰੀ ਜਜ਼ਬੇ ਵਾਲੇ ਕਰਤਾਰ ਸਿੰਘ ਸਰਾਭਾ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਮੰਨਿਆ। ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ (13 ਅਪ੍ਰੈਲ 1919) ਦਾ ਉਸਦੇ ਦਿਲੋ-ਦਿਮਾਗ 'ਤੇ ਇੰਨਾ ਡੂੰਘਾ ਅਸਰ ਹੋਇਆ ਸੀ ਕਿ ਉਸਨੇ ਜਲ੍ਹਿਆਂਵਾਲੇ ਬਾਗ ਦੀ ਖੂਨੀ ਮਿੱਟੀ ਨੂੰ ਇਕ ਸ਼ੀਸ਼ੀ ਵਿਚ ਭਰ ਕੇ ਆਪਣੇ ਕੋਲ ਰੱਖਿਆ ਹੋਇਆ ਸੀ। ਉਸ ਦੇ ਭਾਵੀ ਮਨਸੂਬਿਆਂ ਦਾ ਤਾਂ ਉਸ ਦੇ ਬਚਪਨ ਵੇਲੇ ਤੋਂ ਹੀ ਪਤਾ ਲੱਗ ਗਿਆ ਸੀ, ਜਦੋਂ ਉਹ ਦਮੂਕਾਂ ਬੀਜਣ ਦੀ ਖੇਡ ਖੇਡ ਰਿਹਾ ਸੀ।

ਸਰਦਾਰ ਭਗਤ ਸਿੰਘ ਸਚਿੰਦਰ ਨਾਥ ਸਨਿਯਾਲ ਨਾਲ ਕੀਤੇ ਪ੍ਰਣ ਮੁਤਾਬਿਕ ਵਿਆਹ ਦੇ ਸਮਾਜਿਕ ਬੰਧਨ ਵਿਚ ਬੱਝਣ ਦੀ ਥਾਂ ਦੇਸ਼ ਦੀ ਆਜ਼ਾਦੀ ਲਈ ਮੌਤ ਲਾੜੀ ਨੂੰ ਵਿਆਹੁਣਾ ਲੋਚਦਾ ਹੈ। ਇਸ ਕਰਕੇ ਉਹ ਘਰ ਨੂੰ ਤਿਆਗ ਕੇ ਕਾਨਪੁਰ ਚਲਾ ਜਾਂਦਾ ਹੈ। ਇਸ ਘਟਨਾ ਦੇ ਨਾਲ ਹੀ ਉਸ ਦੇ ਇਨਕਲਾਬੀ ਜੀਵਨ ਦਾ ਆਰੰਭ ਹੁੰਦਾ ਹੈ। ਉਹ ਨਵੰਬਰ 1921 'ਚ ਆਪਣੀ ਦਸਵੀਂ ਦੀ ਪੜ੍ਹਾਈ ਛੱਡ ਕੇ ਮਹਿਜ 14 ਸਾਲ ਦੀ ਉਮਰ ਵਿਚ ਮਹਾਤਮਾ ਗਾਂਧੀ ਦੁਆਰਾ ਰੌਲਟ-ਐਕਟ ਖ਼ਿਲਾਫ਼ ਚਲਾਈ ਨਾ-ਮਿਲਵਰਤਨ ਦੀ ਲਹਿਰ ਵਿਚ ਹਿੱਸਾ ਲੈਂਦਾ ਹੈ। ਪਰ ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਮਹਾਤਮਾ ਗਾਂਧੀ ਦਾ ਇਸ ਅੰਦੋਲਨ ਨੂੰ ਵਾਪਸ ਲੈਣ ਦਾ ਫ਼ੈਸਲਾ ਭਗਤ ਸਿੰਘ ਨੂੰ ਪਿੱਠ ਵਿਚ ਖੋਭੀ ਛੁਰੀ ਵਾਂਗ ਲੱਗਦਾ ਹੈ। ਭਗਤ ਸਿੰਘ ਦੇ ਆਦਰਸ਼ ਵਿਚ ਗੁਰੂ ਗੋਬਿੰਦ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਯੋਧੇ ਸਨ। ਇਸ ਲਈ ਭਗਤ ਸਿੰਘ ਦੀ ਵਿਚਾਰਧਾਰਾ ਗਾਂਧੀ ਦੀ ਅਹਿੰਸਾ ਨੀਤੀ ਨਾਲ ਮੇਲ ਨਹੀਂ ਖਾਂਦੀ ਸੀ।

ਸਰਦਾਰ ਭਗਤ ਸਿੰਘ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਉਸ ਨੂੰ ਪਲੈਟੋ, ਮਾਰਕਸ, ਲੈਨਿਨ, ਏਂਗਲਜ, ਐਮਿਲ, ਡੌਨ ਬਰੀਨ, ਰੂਸੋ, ਸਾਰਲੋਟ ਪਾਰਕਿਨਜ਼ ਮਿਲਮੈਕ ਆਦਿ ਦਾਰਸ਼ਨਿਕਾ ਦੀ ਵਿਚਾਰਧਾਰਾ ਨੇ ਬੇਹੱਦ ਪ੍ਰਭਾਵਿਤ ਕੀਤਾ ਅਤੇ ਇਨ੍ਹਾਂ ਦੀਆਂ ਕਿਤਾਬਾਂ ਨੇ ਉਸ ਦੇ ਚਿੰਤਨ ਵਿਚ ਹੋਰ ਵੀ ਨਿਖਾਰ ਲਿਆਂਦਾ। ਸਰਦਾਰ ਭਗਤ ਸਿੰਘ ਭਾਰਤੀ ਮਜ਼ਦੂਰਾਂ ਤੇ ਕਿਸਾਨਾਂ ਦੇ ਹੁੰਦੇ ਆਰਥਿਕ ਸ਼ੋਸ਼ਣ ਅਤੇ ਦਮਨ ਤੋਂ ਭਲੀ-ਭਾਂਤ ਜਾਣੂ ਸੀ। ਉਹ ਇਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਇਨ੍ਹਾਂ ਨੂੰ ਵੀ ਇਸ ਆਜ਼ਾਦੀ ਦੀ ਲੜਾਈ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ। ਭਗਤ ਸਿੰਘ ਦੀ ਅਜਿਹੀ ਸੋਚ ਕਾਰਨ ਆਜ਼ਾਦੀ ਲਹਿਰ ਰਾਜਨੀਤਿਕ ਅਦਾਰਿਆਂ ਤੱਕ ਸੀਮਿਤ ਨਾ ਰਹਿ ਕੇ ਸਮੁੱਚੀ ਸਮਾਜਿਕ, ਆਰਥਿਕ, ਧਾਰਮਿਕ, ਸੱਭਿਆਚਾਰਕ ਪੱਖਾਂ ਨੂੰ ਆਪਣੇ ਅੰਦਰ ਸਮੇਟਦੀ ਹੈ।

ਸਰਦਾਰ ਭਗਤ ਸਿੰਘ ਨੇ ਹਰ ਥਾਂ 'ਤੇ ਅੰਗਰੇਜ਼ ਸਾਮਰਾਜਵਾਦ ਦਾ ਵਿਰੋਧ ਕੀਤਾ। ਉਹ ਨੌਜਵਾਨਾਂ ਨੂੰ ਇਹ ਪ੍ਰੇਰਨਾ ਦਿੰਦਾ ਰਿਹਾ ਕਿ ਗੁਲਾਮੀ ਅਤੇ ਅਸਮਾਨਤਾ ਵਾਲੇ ਸਮਾਜ ਦਾ ਇਕਜੁੱਟ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ। ਭਗਤ ਸਿੰਘ ਨੂੰ ਮਾਰਚ 1924 ਨੂੰ ਜੈਤੋ ਵੱਲ ਮੋਰਚਾ ਲਾਉਣ ਜਾ ਰਹੇ ਅਕਾਲੀ ਜੱਥੇ ਦੀ ਬੰਗੇ ਪਿੰਡ ਵਿਚ ਸਵਾਗਤ ਦੀ ਜ਼ਿੰਮੇਵਾਰੀ ਮਿਲੀ। ਪਰ ਅੰਗਰੇਜ਼ ਹਕੂਮਤ ਨੇ ਇਹ ਐਲਾਨ ਕਰਵਾ ਦਿੱਤਾ ਸੀ ਕਿ ਇਹ ਜੱਥਾ ਅੰਗਰੇਜ਼ ਹਕੂਮਤ ਦੇ ਖਿਲਾਫ ਹੈ ਅਤੇ ਇਸ ਜੱਥੇ ਦਾ ਕੋਈ ਸਵਾਗਤ ਨਾ ਕਰੇ। ਅੰਗਰੇਜ਼ਾਂ ਦੀ ਇਸ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਭਗਤ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਅਕਾਲੀ ਜੱਥੇ ਦਾ ਭਰਪੂਰ ਸਵਾਗਤ ਹੀ ਨਹੀਂ ਕੀਤਾ, ਬਲਕਿ ਉਨ੍ਹਾਂ ਲਈ ਲੰਗਰ ਸੇਵਾ ਦਾ ਵੀ ਪ੍ਰਬੰਧ ਕੀਤਾ।

ਸਰਦਾਰ ਭਗਤ ਸਿੰਘ ਚਾਹੁੰਦਾ ਸੀ ਕਿ ਰਾਜ-ਸੱਤਾ ਅੰਗਰੇਜ਼ਾਂ ਦੇ ਹੱਥਾਂ ਵਿਚੋਂ ਨਿਕਲ ਕੇ ਭਾਰਤੀਆਂ ਦੇ ਹੱਥਾਂ ਵਿਚ ਆਵੇ। ਭਾਰਤ ਅੰਦਰ ਸਮਾਜਵਾਦੀ ਸਮਾਜ ਦੀ ਸਿਰਜਣਾ ਅਤੇ ਕੌਮੀ ਲਹਿਰ ਨੂੰ ਜਮਹੂਰੀ ਲੀਹਾਂ 'ਤੇ ਤੋਰਨ ਲਈ ਸਤੰਬਰ 1928 'ਚ ਦਿੱਲੀ ਵਿਖੇ ਹੋਈ ਸਭਾ ਵਿਚ ਭਗਤ ਸਿੰਘ ਦੀਆਂ ਤਰਕ ਭਰਪੂਰ ਦਲੀਲਾਂ ਅਤੇ ਸਿਰਜਣਾਤਮਿਕ ਬਹਿਸ ਤੋਂ ਬਾਅਦ 'ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ' ਦਾ ਨਾਮ ਬਦਲ ਕੇ 'ਹਿੰਦੁਸਤਾਨ ਸੋਸਲਿਸਟ ਰਿਪਬਲਿਕ ਐਸੋਸੀਏਸ਼ਨ' ਰੱਖ ਦਿੱਤਾ ਜਾਂਦਾ ਹੈ।

ਸਰਦਾਰ ਭਗਤ ਸਿੰਘ ਨੇ ਇਨਕਲਾਬੀ ਲਹਿਰ ਨੂੰ ਧਰਮ ਨਿਰਪੱਖ ਬਣਾਉਣ ਦਾ ਪ੍ਰਯਾਸ ਕੀਤਾ। ਉਸ ਨੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ 'ਇਨਕਲਾਬ ਜ਼ਿੰਦਾਬਾਦ, ਸਮਰਾਜਵਾਦ-ਮੁਰਦਾਬਾਦ' ਦਾ ਨਵਾਂ ਨਾਅਰਾ ਦਿੱਤਾ। ਜਦੋਂ ਅਕਤੂਬਰ 1928 'ਚ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ 'ਸਾਈਮਨ ਕਮਿਸ਼ਨ ਵਾਪਸ ਜਾਓ' ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾ ਕੇ ਉਸ ਦਾ ਵਿਰੋਧ ਕੀਤਾ ਗਇਆ। ਇਸ ਕਮਿਸ਼ਨ ਦਾ ਵਿਰੋਧ ਕਰਦੇ ਲੋਕਾਂ 'ਤੇ ਸਰਕਾਰ ਵਲੋਂ ਕੀਤੇ ਲਾਠੀਚਾਰਜ ਕੀਤਾ ਗਿਆ। ਇਸ ਲਾਠੀਚਾਰਜ ਵਿਚ ਲਾਲਾ ਲਾਜਪਤ ਰਾਏ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਅਤੇ ਸਦੀਵੀ ਵਿਛੋੜਾ ਦੇ ਗਏ।

ਲਾਲਾ ਲਾਜਪਤ ਰਾਏ ਦੀ ਸ਼ਹੀਦੀ ਤੋਂ ਬਾਅਦ ਭਗਤ ਸਿੰਘ, ਚੰਦਰਸ਼ੇਖਰ, ਰਾਜਗੁਰੂ, ਜੈ ਗੋਪਾਲ, ਸੁਖਦੇਵ ਥਾਪਰ ਆਦਿ ਨੇ ਮਿਲ ਕੇ ਦੋਸ਼ੀ ਪੁਲਿਸ ਸੁਪਰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। ਉਨ੍ਹਾਂ ਨੇ 17 ਦਸੰਬਰ 1928 ਨੂੰ ਭੁਲੇਖੇ ਨਾਲ ਪੁਲਿਸ ਸੁਪਰਡੈਂਟ ਸਕਾਟ ਦੀ ਥਾਂ ਇੱਕ ਬ੍ਰਿਟਿਸ਼ ਜੂਨੀਅਰ ਪੁਲਿਸ ਅਫਸਰ ਜੌਹਨ ਸਾਂਡਰਸ ਨੂੰ ਗੋਲੀਆਂ ਮਾਰ ਕੇ ਮੌਤ ਦੀ ਨੀਂਦ ਸੁਆ ਦਿੱਤਾ। ਇਸ ਕਤਲੇਆਮ ਦੀ ਜ਼ਿੰਮੇਵਾਰੀ 'ਹਿੰਦੁਸਤਾਨ ਸੋਸਲਿਸ਼ਟ ਰਿਪਬਲਿਕਨ ਐਸੋਸੀਏਸ਼ਨ' ਨੇ ਆਪਣੇ ਸਿਰ ਲਈ। ਦਿੱਲੀ ਅਸੈਂਬਲੀ ਵਿਚ 8 ਅਪ੍ਰੈਲ 1929 ਈ. ਨੂੰ ਵਿਵਾਦ ਭਰੇ 'ਟਰੇਡ ਡਿਸਪਿਊਟ ਬਿੱਲ' ਤੇ 'ਪਬਲਿਕ ਸੇਫਟੀ ਬਿੱਲ' ਉੱਪਰ ਬਹਿਸ ਕਰਨ ਅਤੇ ਵੋਟਾਂ ਪਵਾਉਣ ਲਈ ਕਾਂਗਰਸ ਤੇ ਮੁਸਲਿਮ ਲੀਗ ਦੇ ਵੱਡੇ ਨੇਤਾਵਾਂ ਦਾ ਇਕੱਠ ਹੁੰਦਾ ਹੈ। ਇਸ ਬਿੱਲ ਦੇ ਵਿਰੋਧ ਵਜੋਂ ਭਗਤ ਸਿੰਘ ਅਤੇ ਬੀ.ਕੇ. ਦੱਤ ਅਸੈਂਬਲੀ ਹਾਲ ਅੰਦਰ ਦਾਖਲ ਹੋ ਕੇ ਇਕੱਠ ਵਿਚ ਧੂੰਆ ਅਤੇ ਧਮਾਕਾ ਕਰਨ ਵਾਲਾ ਬੰਬ ਸੁੱਟਦੇ ਹਨ ਅਤੇ 'ਇਨਕਲਾਬ ਜ਼ਿੰਦਾਬਾਦ, ਸਮਰਾਜਵਾਦ-ਮੁਰਦਾਬਾਦ' ਦੇ ਨਾਅਰੇ ਲਾਉਂਦੇ ਹਨ। ਉਨ੍ਹਾਂ ਨੇ ਅਸੈਂਬਲੀ 'ਚ ਬੰਬ ਸੁੱਟਣ ਤੋਂ ਬਾਅਦ ਭਜਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਸਗੋਂ ਨਾਅਰਿਆਂ ਰਾਹੀਂ ਅੰਗਰੇਜ਼ ਹਕੂਮਤ ਨੂੰ ਵੰਗਾਰਦੇ ਹੋਏ ਗ੍ਰਿਫ਼ਤਾਰ ਹੋਏ।

ਅਸੈਂਬਲੀ ਬੰਬ ਕੇਸ ਵਿਚ ਸਰਦਾਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਹੋ ਜਾਂਦੀ ਹੈ। ਇਸ ਸਜ਼ਾ ਤੋਂ ਬਾਅਦ ਅਦਾਲਤ ਵੱਲੋਂ ਦੋਵਾਂ ਨੂੰ ਸਾਂਡਰਸ ਕਤਲ ਕੇਸ ਦੀ ਸੁਣਵਾਈ ਲਈ ਲਾਹੌਰ ਸੈਂਟਰਲ ਜੇਲ੍ਹ ਵਿਚ ਲਿਆਂਦਾ ਜਾਂਦਾ ਹੈ। ਭਗਤ ਸਿੰਘ ਨੇ ਜੇਲ੍ਹ ਵਿਚ ਸਾਥੀਆਂ ਨਾਲ ਮਿਲ ਕੇ ਜੇਲ ਦੇ ਮਾੜੇ ਪ੍ਰਬੰਧ ਅਤੇ ਉਨ੍ਹਾਂ ਨਾਲ ਕੀਤੇ ਜਾਂਦੇ ਅਣਮਨੁੱਖੀ ਵਿਵਹਾਰ ਦੇ ਖਿਲਾਫ ਭੁੱਖ ਹੜਤਾਲ ਵੀ ਕੀਤੀ। ਭਗਤ ਸਿੰਘ ਨੂੰ ਪਤਾ ਸੀ ਕਿ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਸਾਂਡਰਸ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦੇ ਸਕਦੀ ਹੈ। ਇਸ ਲਈ ਇਹ ਕ੍ਰਾਂਤੀਕਾਰੀ ਯੋਧੇ ਮੌਤ ਦੀ ਸਜਾ ਪਾਉਣ ਲਈ ਉਤਾਵਲੇ ਸਨ। ਉਹ ਆਪਣੇ ਮਿੱਥੇ ਉਦੇਸ਼ ਮੁਤਾਬਿਕ ਅਦਾਲਤਾਂ ਵਿਚ ਆਪਣੇ ਉਦੇਸ਼ਾਂ ਦੀ ਵਿਆਖਿਆ ਕਰਕੇ ਦੇਸ਼ ਵਾਸੀਆਂ ਨੂੰ ਸੁਚੇਤ ਕਰ ਰਹੇ ਸਨ। ਉਹ ਮਰਦੇ-ਦਮ ਤੱਕ ਬ੍ਰਿਟਿਸ਼ ਸ਼ਾਸਨ ਦੀ ਕੁਟਿਲਤਾ, ਭ੍ਰਿਸ਼ਟਤਾ ਅਤੇ ਅੱਤਿਆਚਾਰਾਂ ਦਾ ਭਾਂਡਾ ਫੋੜਨਾ ਚਾਹੁੰਦੇ ਸਨ। ਜੇਲ੍ਹ ਵਿਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵਲੋਂ ਕੀਤੀ ਭੁੱਖ ਹੜਤਾਲ ਨੂੰ ਤੋੜਨ ਲਈ ਅੰਗਰੇਜ਼ ਹਕੂਮਤ ਨੇ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਸਫ਼ਲਤਾ ਨਾ ਮਿਲੀ। ਇਸ ਲੰਮੀ ਭੁੱਖ ਹੜਤਾਲ 'ਚ ਜਤਿੰਦਰ ਨਾਥ ਦਾਸ ਅੰਗਰੇਜ਼ ਸਾਮਰਾਜ ਅੱਗੇ ਤਾਂ ਨਹੀਂ ਹਾਰਦਾ, ਪਰ ਮੌਤ ਅੱਗੇ ਹਾਰ ਜਾਂਦਾ ਹੈ। ਉਸਦੀ ਮੌਤ ਦੂਸਰੇ ਕ੍ਰਾਂਤੀਕਾਰੀਆਂ ਲਈ ਪ੍ਰੇਰਨਾ-ਸਰੋਤ ਬਣਦੀ ਹੈ।

ਸਰਦਾਰ ਭਗਤ ਸਿੰਘ ਨਹੀਂ ਚਾਹੁੰਦਾ ਸੀ ਕਿ ਦੇਸ਼ ਦੇ ਨੌਜਵਾਨ ਬੰਬ ਤੇ ਪਿਸਤੌਲ ਲੈ ਕੇ ਹਿੰਸਕ ਕਾਰਵਾਈਆਂ ਕਰਨ। ਉਹ ਤਾਂ ਆਮ ਲੋਕਾਂ ਨੂੰ ਜਾਗ੍ਰਿਤ ਕਰਨਾ ਅਤੇ ਇਨਕਲਾਬ ਦੇ ਸੁਨੇਹੇ ਨੂੰ ਦੇਸ਼ ਦੇ ਹਰ ਕੋਨੇ ਤੱਕ ਪਹੁੰਚਾਉਣਾ ਚਾਹੁੰਦਾ ਸੀ, ਪਰ ਅਜੋਕੇ ਸਰਮਾਏਦਾਰ ਪੱਖੀ ਲੋਕ ਉਸ ਨੂੰ ਖ਼ਤਰਨਾਕ ਆਤੰਕਵਾਦੀ ਸਮਝਦੇ ਰਹੇ। ਸਰਦਾਰ ਭਗਤ ਸਿੰਘ ਦੇ ਜੇਲ੍ਹ ਵਿਚ ਰਹਿ ਕੇ ਵੀ ਹੌਂਸਲੇ ਬੁਲੰਦ ਸਨ, ਉਹ ਇਥੇ ਜ਼ਿਆਦਾ ਸਮਾਂ ਵਿਸ਼ਵ ਪੱਧਰ ਦੇ ਚਿੰਤਕਾਂ ਦੀਆਂ ਪੁਸਤਕਾਂ ਦਾ ਲਗਾਤਾਰ ਅਧਿਐਨ ਕਰਦਾ ਰਹਿੰਦਾ ਅਤੇ ਨਾਲ ਹੀ ਆਪਣੇ ਦੋਸਤਾਂ ਤੇ ਪਰਿਵਾਰ ਨਾਲ ਮੁਲਾਕਾਤਾਂ ਤੇ ਖ਼ਤਾਂ ਰਾਹੀਂ ਆਪਣਾ ਦੁੱਖ-ਸੁੱਖ ਸਾਂਝਾ ਕਰਦਾ ਰਹਿੰਦਾ ਸੀ। ਸਾਂਡਰਸ ਕਤਲ ਕੇਸ ਵਿਚ ਅੰਗਰੇਜ਼ ਸਰਕਾਰ ਇਕਪਾਸੜ ਮੁਕੱਦਮਾ ਚਲਾ ਕੇ ਸੁਖਦੇਵ, ਭਗਤ ਸਿੰਘ ਅਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਉਂਦੀ ਹੈ। ਬਰਤਾਨਵੀ ਸਾਮਰਾਜ ਨੇ 23 ਮਾਰਚ 1931 ਨੂੰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਲਾਹੌਰ ਦੇ ਕਿਲ੍ਹੇ ਵਿਚ ਫਾਂਸੀ ਦੇ ਕੇ ਰਾਤੋ-ਰਾਤ ਪੁਲਿਸ ਅਤੇ ਫ਼ੌਜ ਦੇ ਪਹਿਰੇ ਹੇਠ ਫਿਰੋਜ਼ਪੁਰ ਦੇ ਨੇੜੇ ਸਤਲੁਜ ਦੇ ਕੰਢੇ 'ਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਸ ਤਰਾਂ ਬ੍ਰਿਟਿਸ਼ ਸਾਮਰਾਜ ਨੇ ਸਾਜਿਸ਼ ਰਚਕੇ ਸਰਦਾਰ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਸਰੀਰਕ ਤੌਰ 'ਤੇ ਤਾਂ ਖਤਮ ਕਰ ਦਿੱਤਾ, ਪਰ ਉਨ੍ਹਾਂ ਦੀ ਇਨਕਲਾਬੀ ਸੋਚ ਅਤੇ ਵਿਚਾਰਧਾਰਾ ਨੂੰ ਖਤਮ ਨਹੀਂ ਕਰ ਸਕੇ।



# ਇਤਿਹਾਸਕ ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਸ੍ਰੀ ਕੀਰਤਪੁਰ ਸਾਹਿਬ


## 31 ਮਾਰਚ ਨੂੰ ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼


-ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 7527931887
(Punjab Mail USA)




ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦਾ ਜਨਮ ਕੱਤਕ ਸੁਦੀ 15 ਸੰਮਤ 1670 (ਸੰਨ 1613 ਈਸਵੀ) ਨੂੰ ਮਾਤਾ ਦਮੋਦਰੀ ਜੀ ਦੀ ਪਾਵਨ ਕੁੱਖੋਂ ਪਿੰਡ ਡਰੋਲੀ ਭਾਈ, ਜ਼ਿਲ੍ਹਾ ਮੋਗਾ ਵਿਖੇ ਹੋਇਆ। ਆਪ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਾਸੋਂ ਧਾਰਮਿਕ ਅਤੇ ਸ਼ਸ਼ਤਰ ਵਿੱਦਿਆ ਪ੍ਰਾਪਤ ਕੀਤੀ। ਵੈਸਾਖ ਸੰਮਤ 1681 (1624 ਈਸਵੀ) ਨੂੰ ਆਪ ਜੀ ਦਾ ਅਨੰਦ ਕਾਰਜ ਬੀਬੀ ਨੱਤੀ (ਅਨੰਤੀ) ਜੀ ਨਾਲ ਬਟਾਲਾ ਵਿਖੇ ਹੋਇਆ। ਜਿਨ੍ਹਾਂ ਦੀ ਪਾਵਨ ਕੁੱਖ ਤੋਂ ਬਾਬਾ ਧੀਰ ਮੱਲ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਹੋਇਆ। ਆਪ ਜੀ ਨੇ ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਅਨੇਕਾਂ ਜੰਗਾਂ, ਯੁੱਧਾਂ ਵਿਚ ਸ਼ਸ਼ਤਰਾਂ ਦੇ ਜੌਹਰ ਵਿਖਾਏ। ਇਕ ਵਾਰ ਸ਼ਿਕਾਰ ਖੇਡਣ ਸਮੇਂ ਬਾਬਾ ਗੁਰਦਿੱਤਾ ਜੀ ਨੇ ਇਕ ਹਿਰਨ 'ਤੇ ਤੀਰ ਚਲਾਇਆ। ਹਿਰਨ ਤਾਂ ਬਚ ਗਿਆ ਪਰ ਇੱਕ ਗਊ ਚਰਦੀ ਸੀ, ਤੀਰ ਉਸਦੇ ਜਾ ਲੱਗਿਆ ਤੇ ਗਊ ਮਰ ਗਈ। ਗਊ ਦੀ ਮੌਤ ਹੋ ਜਾਣ 'ਤੇ ਗਊਆਂ ਚਾਰਨ ਵਾਲੇ ਇਕ ਗਵਾਲੇ ਦੇ ਇਤਰਾਜ ਕਰਨ 'ਤੇ ਬਾਬਾ ਗੁਰਦਿੱਤਾ ਜੀ ਨੇ ਕਰਾਮਾਤ ਵਿਖਾਉਂਦਿਆਂ ਛੱਪੜ ਦਾ ਜਲ ਲੈ ਕੇ ਗਊ ਜਿਊਂਦੀ ਕਰ ਦਿੱਤੀ, ਜਿਸ 'ਤੇ ਗੁਰੂ ਪਿਤਾ ਜੀ ਨੇ ਕਰਾਮਾਤ ਨੂੰ ਕਹਿਰ ਆਖਦਿਆਂ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਹਾ ਕਿ ਕਰਾਮਾਤ ਨਾਮ ਕਹਿਰ ਦਾ ਹੈ, ਮੁਕਤੀ ਤੁਹਾਡੇ ਤੋਂ ਸੰਭਾਲੀ ਨਹੀਂ ਜਾਂਦੀ, ਇਸ ਕਰਕੇ ਗਊ ਬਦਲੇ ਜਾਂ ਤਾਂ ਆਪਣਾ ਸਰੀਰ ਛੱਡੋ, ਨਹੀਂ ਤਾਂ ਅਸੀਂ ਆਪਣਾ ਸਰੀਰ ਛੱਡਾਂਗੇ। ਇਕ ਮਿਆਨ 'ਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ। ਪਿਤਾ ਜੀ ਦਾ ਹੁਕਮ ਮੰਨ ਕੇ ਬਾਬਾ ਗੁਰਦਿੱਤਾ ਜੀ ਇਸ ਅਸਥਾਨ 'ਤੇ ਆਏ ਤੇ ਬਾਬਾ ਜੀ ਨੇ ਇਸ ਅਸਥਾਨ 'ਤੇ ਚੇਤ ਸੁਦੀ 10 ਸੰਮਤ 1695 (ਸੰਨ 1638 ਈਸਵੀ) ਨੂੰ ਆਪਣਾ ਪੰਜ ਭੂਤਕ ਸਰੀਰ ਤਿਆਗ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਸੰਗਤ ਨਾਲ ਇਸ ਅਸਥਾਨ 'ਤੇ ਆਏ ਤੇ ਬਾਬਾ ਜੀ ਦੇ ਸਰੀਰ ਦਾ ਸਸਕਾਰ ਕੀਤਾ ਤੇ ਅਸੀਸ ਦਿੱਤੀ 'ਧੰਨ ਧੰਨ ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ।' ਇਹ ਇਤਿਹਾਸਕ ਅਸਥਾਨ 40 ਏਕੜ ਰਕਬੇ 'ਚ ਉੱਚੀਆਂ ਪਹਾੜੀਆਂ 'ਚ ਫੈਲਿਆ ਹੋਇਆ ਹੈ। ਇਸ ਅਸਥਾਨ 'ਤੇ ਪੁਰਾਤਨ ਇਮਾਰਤ ਵੀ ਬਣੀ ਹੋਈ ਹੈ, ਜੋ ਹੁਣ ਵੀ ਮੌਜੂਦ ਹੈ। ਦੱਸਦੇ ਹਨ ਕਿ ਇਸ ਪੁਰਾਤਨ ਇਮਾਰਤ ਦੀ ਸੇਵਾ ਰਾਜਾ ਭੂਪ ਸਿੰਘ ਰੋਪੜ ਵਾਲਿਆਂ ਨੇ ਕਰਾਈ ਸੀ। ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਪੁੱਜ ਕੇ ਇਸ ਪਾਵਨ ਪਵਿੱਤਰ ਅਸਥਾਨ ਦੇ ਦਰਸ਼ਨ ਦੀਦਾਰੇ ਕਰਦੀਆਂ ਹਨ।





# ਅਗਲੇ ਵਿੱਤੀ ਵਰ੍ਹੇ ਦਾ ਪੰਜਾਬ ਬਜਟ- ਕੁਝ ਤੱਥ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਗਲੇ ਵਿੱਤੀ ਸਾਲ 2023-24 ਲਈ 1,96,462 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਹੈ। ਇਹ ਬਜਟ ਪਿਛਲੇ ਸਾਲ ਦੇ ਬਜਟ ਨਾਲੋਂ 26 ਫੀਸਦੀ ਵੱਧ ਹੈ, ਪਰ 2,3161 ਕਰੋੜ ਰੁਪਏ ਮਾਲੀ ਘਾਟੇ ਦਾ ਇਹ ਬਜਟ ਹੈ, ਜਿਸ ਦੀ ਪੂਰਤੀ ਲਈ ਸਰਕਾਰ ਵਲੋਂ ਕੋਈ ਤਜਵੀਜ਼ ਨਹੀਂ ਕੀਤੀ ਗਈ। ਵਿੱਤ ਮੰਤਰੀ ਨੇ ਕਿਹਾ ਕਿ ਚੋਰ ਮੋਰੀਆਂ ਬੰਦ ਕਰਕੇ ਆਮਦਨ ਵਿਚ ਵਾਧਾ ਕੀਤਾ ਜਾਵੇਗਾ। ਨਵਾਂ ਟੈਕਸ ਕੋਈ ਨਹੀਂ ਲਗਾਇਆ ਗਿਆ। ਅਗਲੇ ਵਿੱਤੀ ਸਾਲ ਤੱਕ ਸੂਬੇ ਸਿਰ ਕੁੱਲ ਮਿਲਾਕੇ 3,47,542 ਕਰੋੜ ਰੁਪਏ ਦਾ ਕਰਜ਼ਾ ਚੜ੍ਹ ਜਾਏਗਾ! ਕਿਉਂਕਿ ਚਾਲੂ ਵਿੱਤੀ ਸਾਲ ਵਿਚ ਵੀ ਸਰਕਾਰ ਨੇ 3,0986 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ।

ਸਰਕਾਰ ਵਲੋਂ ਵੱਖ-ਵੱਖ ਮੁੱਦਿਆਂ ਲਈ ਰਾਸ਼ੀ ਉਪਲੱਬਧ ਕਰਾਉਣ ਦੀ ਬਜਟ ਵਿਚ ਤਜਵੀਜ਼ ਰੱਖੀ ਹੈ, ਜਿਸ ਵਿਚ ਖੇਤੀ, ਸਿੱਖਿਆ, ਸਿਹਤ, ਟਰਾਂਸਪੋਰਟ, ਜਲ ਸਪਲਾਈ, ਹੁਨਰ ਵਿਕਾਸ ਆਦਿ ਸ਼ਾਮਲ ਹਨ। ਪਰ ਪੰਜਾਬ ਸਿਰ ਨਿੱਤ ਪ੍ਰਤੀ ਜੋ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ, ਉਸਨੂੰ ਉਤਾਰਨ ਅਤੇ ਸੂਬੇ ਦੀ ਆਮਦਨੀ ਵਧਾਉਣ ਲਈ ਕੋਈ ਠੋਸ ਯੋਜਨਾਬੰਦੀ ਨਹੀਂ ਦਿਖਾਈ ਦਿੰਦੀ। ਇਸ ਤੋਂ ਵੱਡੀ ਗੱਲ ਬਜਟ ਵਿਚ ਇਹ ਵਿਖਾਈ ਦਿੰਦੀ ਹੈ ਕਿ ਪੇਂਡੂ ਵਿਕਾਸ ਨੂੰ ਸਰਕਾਰ ਨੇ ਪੂਰੀ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਹੈ, ਪੇਂਡੂ ਵਸੋਂ ਜੋ ਪੰਜਾਬ 'ਚ ਲਗਭਗ 70 ਫੀਸਦੀ ਹੈ, ਉਸ ਨਾਲ ਸਿੱਧਾ ਧੋਖਾ ਹੈ।

ਹਰ ਵਰ੍ਹੇ ਸੂਬੇ ਦੇ ਮੁਲਾਜ਼ਮ ਤੇ ਪੈਨਸ਼ਨਰ ਸਰਕਾਰ ਤੋਂ ਵੱਡੀਆਂ ਆਸਾਂ ਰੱਖਦੇ ਹਨ, ਜਿਨ੍ਹਾਂ ਦੀ ਗਿਣਤੀ 7 ਲੱਖ ਹੈ। ਬਜਟ ਵਿਚ ਇਨ੍ਹਾਂ ਮੁਲਾਜ਼ਮਾਂ ਨੂੰ ਆਸ ਸੀ ਕਿ ਡੀ.ਏ. ਕਿਸ਼ਤ ਅਤੇ ਹੋਰ ਬਕਾਏ ਆਦਿ ਦੇਣ ਸਬੰਧੀ ਬਜਟ ਵਿਚ ਪ੍ਰਾਵਾਧਾਨ ਕੀਤਾ ਜਾਏਗਾ ਪਰ ਇਹ ਚੁੱਪੀ ਮੁਲਾਜ਼ਮਾਂ ਨੂੰ ਰੜਕਦੀ ਹੈ। ਆਸ ਸੀ ਕਿ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ, ਬੁਢਾਪਾ ਪੈਨਸ਼ਨ 'ਚ ਵਾਧਾ ਆਦਿ ਸਮਾਜ ਭਲਾਈ ਗਾਰੰਟੀਆਂ ਜੋ 'ਆਪ' ਸਰਕਾਰ ਵਲੋਂ ਚੋਣ ਮੌਕੇ ਦਿੱਤੀਆਂ ਗਈਆਂ ਸਨ, ਉਹ ਪੂਰੀਆਂ ਹੋਣਗੀਆਂ, ਪਰ ਇਹ ਗਾਰੰਟੀ ਜਾਂ ਹੋਰ ਗਾਰੰਟੀਆਂ ਪੂਰੀਆਂ ਨਾ ਹੋਣ ਨਾਲ ਲੋਕਾਂ ਦੀਆਂ ਉਮੀਦਾਂ ਚਕਨਾਚੂਰ ਹੋਈਆਂ ਹਨ।

ਆਸ ਸੀ ਕਿ ਪ੍ਰਵਾਸ ਦੇ ਰਾਹ ਪਏ ਪੰਜਾਬੀ ਨੌਜਵਾਨਾਂ ਨੂੰ ਰੋਕਣ ਲਈ ਉਚੇਰੀ ਸਿੱਖਿਆ ਦੇ ਫੰਡਾਂ 'ਚ ਵਾਧਾ ਹੋਏਗਾ, ਪਰ ਇੰਜ ਨਹੀਂ ਹੋ ਸਕਿਆ। ਸਰਕਾਰ ਵਲੋਂ ਪੰਜਾਬ ਦੀਆਂ ਯੂਨੀਵਰਸਿਟੀਆਂ ਲਈ 990 ਕਰੋੜ ਰੱਖੇ ਗਏ ਹਨ, ਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਜੋ ਪਹਿਲਾਂ ਹੀ ਵੱਡੇ ਘਾਟੇ 'ਚ ਚੱਲ ਰਹੀ ਹੈ, ਉਸ ਦੇ ਬਜਟ 'ਚ 34 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਗਈ ਹੈ। ਪੰਜਾਬ ਦੇ ਸਨੱਅਤਕਾਰ ਵੀ ਬਜਟ ਤੋਂ ਬਹੁਤ ਨਿਰਾਸ਼ ਹੋਏ ਹਨ, ਕਿਉਂਕਿ ਉਨ੍ਹਾਂ ਨੂੰ ਸਸਤੀ ਬਿਜਲੀ ਦੀ ਕੋਈ ਰਾਹਤ ਨਹੀਂ ਮਿਲੀ।

ਇਸ ਬਜਟ ਨੂੰ ਸੂਬੇ ਦੀਆਂ ਸਿਆਸੀ ਧਿਰਾਂ ਨੇ ਤਾਂ ਨਿਕਾਰਿਆ ਹੀ, ਪਰ ਆਮ ਲੋਕਾਂ ਵਲੋਂ ਵੀ ਇਸ ਬਜਟ ਨੂੰ ਕਿਸੇ ਵੀ ਧਿਰ ਵਲੋਂ ਲੋਕ ਹਿਤੈਸ਼ੀ ਨਹੀਂ ਸਮਝਿਆ ਜਾ ਰਿਹਾ।

ਪੰਜਾਬ ਦੀਆਂ ਵਿਰੋਧੀ ਧਿਰਾਂ ਕਹਿੰਦੀਆਂ ਹਨ ਕਿ ਮੌਜੂਦ ਸਰਕਾਰ ਨੇ ਪੰਜਾਬ ਨੂੰ ਆਰਥਿਕ ਬਰਬਾਦੀ ਦੇ ਰਾਹ ਪਾ ਦਿੱਤਾ ਹੈ ਅਤੇ ਬਜਟ ਨੇ ਲੋਕਾਂ ਦੇ ਸੁਪਨੇ ਚੂਰ-ਚੂਰ ਕਰ ਦਿੱਤੇ ਹਨ। ਪਰ ਕੀ ਉਹ ਆਪ ਵੀ ਪੰਜਾਬ ਦੀ ਆਰਥਿਕ ਬਰਬਾਦੀ ਲਈ ਜ਼ਿੰਮੇਵਾਰ ਨਹੀਂ ਹਨ? ਅਕਾਲੀ -ਭਾਜਪਾ, ਕਾਂਗਰਸ ਨੇ ਜਿੰਨਾ ਸਮਾਂ ਵੀ ਪੰਜਾਬ 'ਤੇ ਰਾਜ ਕੀਤਾ, ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਗਾਇਆ।

## ਵਿਰੋਧੀ ਧਿਰਾਂ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ :-

1) ਪੇਂਡੂ ਵਿਕਾਸ ਲਈ 3,319 ਕਰੋੜ ਅਤੇ ਸ਼ਹਿਰੀ ਵਿਕਾਸ ਲਈ 6596 ਕਰੋੜ ਬਜਟ ਵਿਵਸਥਾ ਕੀਤੀ ਗਈ ਹੈ, ਜਦਕਿ ਸੂਬੇ 'ਚ ਪੇਂਡੂ ਆਬਾਦੀ ਜ਼ਿਆਦਾ ਹੈ। ਇਹ ਨਿਰਾ ਵਿਤਕਰਾ ਹੈ।
2) ਪੰਜਾਬ ਦੇ ਬਜਟ ਵਿਚ ਉਦਯੋਗ ਖਣਿਜਾਂ ਦੇ ਖਰਚੇ 530 ਕਰੋੜ ਤੋਂ ਘਟਾ ਕੇ 454 ਕਰੋੜ ਕਰ ਦਿੱਤੇ ਗਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਰਾਜ ਕੋਲ ਉਦਯੋਗ ਉਤਸ਼ਾਹਿਤ ਕਰਨ ਲਈ ਵੱਡੀ ਰਾਸ਼ੀ ਕਿਉਂ ਨਹੀਂ ਰੱਖੀ ਗਈ ਹੈ?
3) ਆਪ ਸਰਕਾਰ ਨੇ ਆਪਣੀਆਂ ਗਾਰੰਟੀਆਂ ਪੂਰੀਆਂ ਨਹੀਂ ਕੀਤੀਆਂ, ਸੂਬੇ ਦੀਆਂ ਬੀਬੀਆਂ ਨੂੰ 1000 ਰੁਪਏ ਮਾਸਿਕ ਦੇਣ ਦਾ ਵਾਇਦਾ ਪੂਰਾ ਨਹੀਂ ਕੀਤਾ। ਬਿਨਾਂ ਸ਼ੱਕ ਉਪਰੋਕਤ ਤੱਥਾਂ ਵਿਚ ਸੱਚਾਈ ਹੈ।

ਆਪ ਸਰਕਾਰ ਜੋ ਕਿ ਤਬਦੀਲੀ ਦੀ ਸੂਚਕ ਬਣ ਕੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਲੋਕ ਕਚਹਿਰੀ ਵਿਚ ਪ੍ਰਗਟ ਹੋਈ ਸੀ, ਤੋਂ ਤਵੱਕੋ ਸੀ ਕਿ ਉਹ ਜੇਕਰ ਘੱਟੋ-ਘੱਟ ਆਪਣਾ ਪਹਿਲਾ ਨੌ ਮਹੀਨਿਆਂ ਵਾਲਾ ਬਜਟ ਲੋਕ-ਪੱਖੀ ਪੇਸ਼ ਕਰਨ 'ਚ ਅਸਮਰਥ ਰਹੀ ਸੀ, ਦੂਜਾ ਬਜਟ ਤਾਂ ਲੋਕ ਹਿਤੈਸ਼ੀ ਪੇਸ਼ ਕਰਦੀ।

2023-24 ਬਜਟ ਦੇ ਅੰਕੜੇ ਵੱਡੇ ਹਨ, ਵੱਡੇ-ਵੱਡੇ ਅਖ਼ਬਾਰੀ ਇਸ਼ਤਿਹਾਰ ਛਾਪ ਕੇ ਲੋਕਾਂ ਦੀਆਂ ਅੱਖਾਂ ਚੁੰਧਿਆਉਣ ਦਾ ਯਤਨ ਸਰਕਾਰ ਨੇ ਕੀਤਾ ਹੈ ਅਤੇ ਕਿਹਾ ਹੈ ਕਿ ਬਜਟ 'ਚ 26 ਫੀਸਦੀ ਵਾਧਾ ਕਰ ਦਿੱਤਾ ਹੈ। ਟਰਾਂਸਪੋਰਟ 'ਚ 42 ਫੀਸਦੀ, ਖੇਤੀ ਬਜਟ 'ਚ 42 ਫੀਸਦੀ, ਰੁਜ਼ਗਾਰ ਤੇ ਹੁਨਰ ਵਿਕਾਸ ਬਜਟ 'ਚ 36 ਫੀਸਦੀ , ਸਿੱਖਿਆ ਬਜਟ 'ਚ 12 ਫੀਸਦੀ, ਸਿਹਤ ਅਤੇ ਰੁਜ਼ਗਾਰ ਬਜਟ 'ਚ 11 ਫੀਸਦੀ ਵਾਧਾ ਕੀਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਸਿੱਖਿਆ, ਸਿਹਤ, ਰੁਜ਼ਗਾਰ, ਖੇਤੀਬਾੜੀ ਖੇਤਰ 'ਚ ਇਸ ਨਾਲ ਇਨਕਲਾਬੀ ਤਬਦੀਲੀ ਆਵੇਗੀ। ਲੋਕਾਂ ਦੀ ਜੂਨ ਸੁਧਰ ਜਾਵੇਗੀ। 26,797 ਨਵੀਆਂ ਨੌਕਰੀਆਂ ਦਿੱਤੀਆਂ ਜਾਣਗੀਆਂ। 26,295 ਕਰੋੜ ਨਾਲ ਬੁਨਿਆਦੀ ਢਾਂਚੇ ਦਾ ਵਿਕਾਸ ਹੋਵੇਗਾ। 17072 ਕਰੋੜ ਨਾਲ ਉਚੇਰੀ ਸਿੱਖਿਆ ਸੁਧਰੇਗੀ। 13,888 ਕਰੋੜ ਰੁਪਏ ਖੇਤੀ ਖੇਤਰ ਲਈ ਵਰਤੇ ਜਾਣਗੇ। 9,781 ਕਰੋੜ ਸਿਹਤ ਅਤੇ ਪਰਿਵਾਰ ਭਲਾਈ ਲਈ ਨੀਅਤ ਕੀਤੇ ਹਨ। ਪਰ ਕੀ ਇਸ ਨਾਲ ਟੁੱਟ-ਫੁੱਟ ਚੁੱਕੀ ਖੇਤੀ ਖੇਤਰ 'ਚ ਸੁਧਾਰ ਆਏਗਾ?

ਖੇਤੀ ਨੂੰ ਫਸਲੀ ਚੱਕਰ ਵਿਚ ਕੱਢਣ ਲਈ ਫਸਲ ਵਨ-ਸੁਵੰਨਤਾ ਲਾਗੂ ਕਰਨ ਲਈ 1000 ਕਰੋੜ ਦੀ "ਭਾਅ ਅੰਤਰ ਯੋਜਨਾ" ਦਾ ਐਲਾਨ ਕੀਤਾ ਗਿਆ ਹੈ। ਪਰ ਬਜਟ 'ਚ ਸਬਜ਼ੀਆਂ 'ਤੇ ਐੱਮ.ਐੱਸ.ਪੀ. ਦੀ ਕੋਈ ਗੱਲ ਸਰਕਾਰ ਵੱਲੋਂ ਕਹੀ ਨਹੀਂ ਗਈ। ਬਿਜਲੀ 'ਤੇ 300 ਯੂਨਿਟ ਮੁਫਤ ਘਰੇਲੂ ਖਪਤਕਾਰਾਂ ਲਈ ਸਹੂਲਤ ਜਾਰੀ ਰਹੇਗੀ ਤੇ ਕਿਸਾਨਾਂ ਲਈ ਬਿਜਲੀ ਸਬਸਿਡੀ ਵੀ ਲਾਗੂ ਰਹੇਗੀ। ਕੀ ਸਰਕਾਰ ਨੂੰ ਬਿਜਲੀ ਸਬਸਿਡੀ ਨੂੰ ਤਰਕ ਸੰਗਤ ਬਣਾਉਣ ਲਈ ਪਹਿਲਕਦਮੀ ਨਹੀਂ ਸੀ ਕਰਨੀ ਚਾਹੀਦੀ? ਉਹ ਲੋਕ ਜਿਹੜੇ ਬਿਜਲੀ ਦਾ ਬਿੱਲ ਅਦਾ ਕਰ ਸਕਦੇ ਹਨ, ਉਨ੍ਹਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਕੀ ਤੁੱਕ ਹੈ? ਉਹ ਵੱਡੇ ਕਿਸਾਨ, ਜ਼ਿਮੀਂਦਾਰ ਜਿਨ੍ਹਾਂ ਦੀਆਂ ਆਪਣੇ ਖੇਤਾਂ 'ਚ ਦਰਜਨਾਂ ਭਰ ਮੋਟਰਾਂ ਜ਼ਮੀਨ 'ਚੋਂ ਮੁਫ਼ਤ ਪਾਣੀ ਕੱਢਦੀਆਂ ਹਨ, ਉਨ੍ਹਾਂ ਨੂੰ ਸਬਸਿਡੀ ਦਿੱਤੇ ਜਾਣਾ ਕਿਵੇਂ ਠੀਕ ਹੈ? ਉਹ ਸਰਕਾਰ ਜਿਹੜੀ ਕਹਿੰਦੀ ਹੈ ਕਿ ਉਸ ਵਲੋਂ ਤਰਕ ਸੰਗਤੀ ਫੈਸਲੇ ਲਏ ਜਾ ਰਹੇ ਹਨ, ਉਹ ਘਾਟੇ 'ਤੇ ਜਾ ਰਹੇ ਸੂਬੇ ਅਤੇ ਲੋਕਾਂ ਦੀ ਕਮਾਈ 'ਚੋਂ ਦਿੱਤੇ ਟੈਕਸਾਂ 'ਚੋਂ ਇਸ ਢੰਗ ਨਾਲ ਪੈਸੇ ਦੀ ਵਰਤੋਂ ਨੂੰ ਕਿਵੇਂ ਯੋਗ ਠਹਿਰਾ ਸਕਦੀ ਹੈ?

ਸਿੱਖਿਆ ਖੇਤਰ ਪੰਜਾਬ ਲਈ ਬਹੁਤ ਮਹੱਤਵਪੂਰਨ ਹੈ। ਪੰਜਾਬ 'ਚ ਪ੍ਰਾਇਮਰੀ ਅਤੇ ਹਾਈ ਸਕੂਲ ਸਿੱਖਿਆ ਦਾ ਬੁਰਾ ਹਾਲ ਹੈ। ਅਧਿਆਪਕਾਂ ਦੀ ਕਮੀ ਹੈ। ਬੁਨਿਆਦੀ ਢਾਂਚਾ ਕਮਜ਼ੋਰ ਹੈ। ਪੰਜਾਬ ਦੇ ਸਰਕਾਰੀ ਕਾਲਜਾਂ ਦੇ ਹਾਲਾਤ ਖਰਾਬ ਹਨ। ਪਾਰਟ ਟਾਈਮ ਟੀਚਰਾਂ ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ 'ਚ ਖੁੱਲ੍ਹੇ ਗੈਰ-ਸਰਕਾਰੀ ਪ੍ਰੋਫੈਸ਼ਨਲ ਕਾਲਜ ਬੰਦ ਹੋਣ ਵੱਲ ਤੁਰੇ ਹੋਏ ਹਨ। ਤਿੰਨ ਜਾਂ ਪੰਜ ਸਤਾਰਾ ਹੋਟਲਾਂ ਵਰਗੇ ਮਾਡਲ, ਪਬਲਿਕ ਸਕੂਲਾਂ, ਆਇਲਿਟਸ ਸੈਂਟਰਾਂ ਅਤੇ ਟਰੈਵਲ ਏਜੰਟਾਂ ਦੀਆਂ ਪੌਂ-ਬਾਰਾਂ ਹਨ ਪੰਜਾਬ 'ਚ! ਧੜਾਧੜ ਪੰਜਾਬ ਵਿਦੇਸ਼ਾਂ ਨੂੰ ਤੁਰ ਰਿਹਾ ਹੈ। ਜਵਾਨੀ ਮੋਢੇ ਬਸਤਾ, ਹੱਥ ਅਟੈਚੀ ਫੜ ਔਝੜੇ ਰਾਹੀਂ ਵਿਦੇਸ਼ ਜਾਣ ਲਈ ਤਰਲੋਮੱਛੀ ਹੈ। ਹੈਰਾਨੀ ਹੋ ਰਹੀ ਹੈ ਬਜਟ ਵੇਖਕੇ ਕਿ ਇਸ ਵਰਤਾਰੇ ਨੂੰ ਰਿਕਣ ਲਈ "ਇਨਕਲਾਬੀ" ਸਰਕਾਰ ਨੇ ਕੋਈ ਵੱਡੇ ਕਦਮ ਨਹੀਂ ਪੁੱਟੇ, ਜਿਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੱਡੀ ਸੱਟ ਵੱਜ ਰਹੀ ਹੈ। ਕੈਨੇਡਾ ਪੜ੍ਹਾਈ 'ਤੇ ਜਾਣ ਲਈ 15-20 ਲੱਖ ਰੁਪਏ ਪ੍ਰਤੀ ਵਿਦਿਆਰਥੀ ਖਰਚਕੇ ਪੰਜਾਬ ਦੀ ਧਰਤੀ ਤੋਂ ਬਾਹਰ ਜਾ ਰਹੇ ਹਨ। ਕਿੰਨੀ ਰਕਮ ਰੱਖੀ ਗਈ ਹੈ, ਇਸ ਵਰਤਾਰੇ ਨੂੰ ਰੋਕਣ ਲਈ ਬਜਟ 'ਚ। ਕੀ ਮੌਜੂਦਾ ਸਰਕਾਰ ਵੀ ਪੰਜਾਬ 'ਚ ਉਲੂ ਬੋਲਦੇ ਵੇਖਣਾ ਚਾਹੁੰਦੀ ਹੈ?

ਕੀ ਮੌਜੂਦਾ ਸਰਕਾਰ ਇਸ ਤੱਥ ਤੋਂ ਜਾਣੂ ਨਹੀਂ ਕਿ ਪੰਜਾਬ ਨਸ਼ਿਆਂ ਨਾਲ ਝੁਲਸਿਆ ਜਾ ਰਿਹਾ ਹੈ। ਗੈਂਗਸਟਰਾਂ ਦੀ ਭੇਂਟ ਚੜ੍ਹ ਰਿਹਾ ਹੈ। ਕਾਨੂੰਨ ਵਿਵਸਥਾ ਕਾਇਮ ਰੱਖਣ ਲਈ 10,523 ਕਰੋੜ ਰੁਪਏ ਰੱਖਣਾ ਚੰਗੀ ਗੱਲ ਹੈ, ਪਰ ਨਸ਼ਿਆਂ ਗ੍ਰਸਤ ਨੌਜਵਾਨਾਂ ਲਈ ਹੋਰ "ਨਸ਼ਾ ਛੁਡਾਓ ਸੈਂਟਰ" ਖੋਲ੍ਹਣ ਅਤੇ ਪਹਿਲਿਆਂ ਲਈ ਵਧ ਬਜਟ ਅਲਾਟ ਕਰਨਾ ਕੀ ਵੱਡੀ ਲੋੜ ਨਹੀਂ ਸੀ? ਸਰਕਾਰ ਨੇ ਉੱਚ ਸਿੱਖਿਆ ਅਤੇ ਸਿੱਖਿਆ ਲਈ ਬਜਟ 'ਚ ਵਾਧਾ ਕੀਤਾ ਹੈ, ਪਰ ਕੀ ਟੀਚਰਾਂ, ਪ੍ਰਿੰਸੀਪਲਾਂ ਨੂੰ ਸਿੰਗਾਪੁਰ ਟਰੇਨਿੰਗ ਲਈ ਭੇਜਣ ਨਾਲ ਕੁਝ ਬਣ ਸਕੇਗਾ? ਕੀ ਸਿੱਖਿਆ ਸੁਧਾਰ ਲਈ ਸਿਸਟਮ 'ਚ ਬਦਲਾਅ ਲਿਆਉਣਾ ਜ਼ਰੂਰੀ ਨਹੀਂ ਹੈ? ਬਜਟ ਜਾਂ ਸਰਕਾਰੀ ਨੀਤੀ ਇਸ ਬਾਰੇ ਚੁੱਪ ਕਿਉਂ ਹੈ?

ਪੰਜਾਬ ਸਮੱਸਿਆਵਾਂ ਨਾਲ ਘਿਰਿਆ ਪਿਆ ਹੈ। ਪੰਜਾਬ ਦੇ ਬਜਟ 'ਚ ਜੇਕਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਘੱਟਣ ਤੋਂ ਰੋਕਥਾਮ, ਪਰਾਲੀ ਜਲਾਉਣ ਤੋਂ ਰੋਕਣ ਲਈ ਉਪਾਅ ਅਤੇ ਵੱਡੀ ਰਕਮ, ਕਿਸਾਨਾਂ ਨੂੰ ਸਬਜ਼ੀਆਂ ਆਦਿ ਲਈ ਘੱਟੋ-ਘੱਟ ਮੁੱਲ ਨਿਰਧਾਰਤ ਕਰਨ ਲਈ ਰਕਮ ਰੱਖੀ ਹੁੰਦੀ, ਤਾਂ ਪੰਜਾਬੀਆਂ ਨੂੰ ਕੁਝ ਰਾਹਤ ਮਿਲਦੀ। ਬਜਟ 'ਚ ਰੁਜ਼ਗਾਰ ਲਈ ਸਨੱਅਤ ਲਾਉਣ ਲਈ ਸਿੰਗਲ ਵਿੰਡੋ ਅਤੇ ਹੋਰ ਸਹੂਲਤਾਂ ਦੇਣ ਲਈ ਰਕਮ ਰਾਖਵੀਂ ਕੀਤੀ ਜਾਂਦੀ, ਤਾਂ ਚੰਗਾ ਹੁੰਦਾ।

ਬਿਨ੍ਹਾਂ ਸ਼ੱਕ ਜਿਵੇਂ ਕਿ ਦਿਖਾਈ ਦਿੰਦਾ ਹੈ ਬਜਟ 'ਚ ਕਿ ਸਰਕਾਰ ਦੀ ਮਨਸ਼ਾ ਪੰਜਾਬ ਨੂੰ ਆਰਥਿਕ ਸਥਿਰਤਾ ਵੱਲ ਲੈ ਕੇ ਜਾਣ ਦੀ ਹੈ। ਸਰਕਾਰ ਨੇ ਪਿਛਲੇ ਲਏ ਕਰਜ਼ੇ ਦੇ 20,000 ਕਰੋੜ ਰੁਪਏ ਸਿਰਫ਼ ਵਿਆਜ ਦੇ ਜਮ੍ਹਾਂ ਕਰਵਾਏ ਹਨ ਅਤੇ 31,000 ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਹੈ। ਭਾਵ ਕਰਜ਼ਾ ਲੈ ਕੇ ਪਿਛਲਾ ਵਿਆਜ ਚੁਕਤਾ ਕੀਤਾ ਜਾ ਰਿਹਾ ਹੈ। ਪਰ ਆਉਣ ਵਾਲੇ 4 ਸਾਲਾਂ ਵਿਚ ਜੇਕਰ ਕਰਜ਼ਾ ਹੋਰ ਵਧਦਾ ਗਿਆ, ਤਾਂ ਪ੍ਰਤੀ ਸਾਲ ਵਿਆਜ ਹੀ 30,000 ਕਰੋੜ ਅਦਾ ਕਰਨ ਯੋਗ ਹੋਏਗਾ। ਇਸ ਮੰਦਹਾਲੀ 'ਚੋਂ ਨਿਕਲਣ ਲਈ ਸਿਰਫ਼ ਰਾਜ ਸਰਕਾਰ ਨੂੰ ਆਪਣੀ ਆਮਦਨ ਵਧਾਉਣੀ ਹੋਵੇਗੀ, ਜਿਸਦਾ ਟੀਚਾ ਇਸ ਵਰ੍ਹੇ ਲਈ 98552 ਕਰੋੜ ਰੁਪਏ ਰੱਖਿਆ ਗਿਆ ਹੈ। ਬਿਨ੍ਹਾਂ ਸ਼ੱਕ ਕੇਂਦਰੀ ਟੈਕਸਾਂ ਤੋਂ 18457 ਕਰੋੜ ਦੀ ਆਸ ਲਾਈ ਗਈ ਹੈ ਅਤੇ ਆਪਣੇ ਇਸ ਵਰ੍ਹੇ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ 20735 ਕਰੋੜ ਦੀ ਕੇਂਦਰੀ ਗ੍ਰਾਂਟ ਦੀ ਆਮਦਨ ਵੀ ਉਸ ਲਈ ਸਹਾਈ ਹੋ ਸਕਦੀ ਹੈ। ਪਰ ਜੇਕਰ ਸਰਕਾਰ ਜੀ.ਐੱਸ.ਟੀ. ਚੋਰੀ ਹੀ ਰੋਕ ਲਵੇ, ਤਾਂ ਉਸਦੇ ਪੱਲੇ 30,000 ਕਰੋੜ ਪੈ ਜਾਣਗੇ। ਪਰ ਕੀ ਸਰਕਾਰ ਇੰਜ ਕਰ ਸਕੇਗੀ?

ਜਾਪਦਾ ਹੈ ਕਿ ਸਰਕਾਰਾਂ ਵਲੋਂ ਪੇਸ਼ ਕੀਤਾ ਕੋਈ ਵੀ ਬਜਟ ਸਿਰਫ ਅੰਕੜਿਆਂ ਦੀ ਖੇਡ ਹੈ! ਇਹ ਖੇਡ ਬਹੁਤੀ ਵੇਰ ਜਨਤਾ ਨੂੰ ਭਰਮਾਉਣ ਅਤੇ ਆਪਣੀ ਵੋਟ ਬੈਂਕ ਪੱਕੀ ਕਰਨ ਲਈ ਖੇਡੀ ਜਾਂਦੀ ਹੈ। ਕੇਂਦਰੀ ਬਜਟ ਇਸਦੀ ਵੱਡੀ ਉਦਾਹਰਨ ਹੈ।

ਲੋਕ ਸਦਾ ਉਡੀਕ ਕਰਦੇ ਹਨ ਕਿ ਸਰਕਾਰ ਜਿਥੇ ਵਿਕਾਸ ਦੇ ਕੰਮ ਕਰੇ, ਉਥੇ ਉਸ ਤੋਂ ਪਹਿਲਾ ਉਨ੍ਹਾਂ ਦੀ ਸਿਹਤ, ਸਿੱਖਿਆ, ਚੰਗੇ ਵਾਤਾਵਰਨ ਅਤੇ ਮੁੱਖ ਬੁਨਿਆਦੀ ਲੋੜਾਂ ਦੀ ਪੂਰਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੰਮ ਕਰੇ।

ਸ਼ਾਇਦ ਲੋਕਾਂ ਨੂੰ ਹਾਲੀ ਹੋਰ ਸਮਾਂ ਇਹੋ ਜਿਹੇ ਬਜਟ ਦੀ ਉਡੀਕ ਕਰਨੀ ਪਵੇਗੀ।






Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜਿਗਰ (ਲੀਵਰ) ਦਾ ਰੱਖੋ ਹਮੇਸ਼ਾ ਖਿਆਲ

**"ਚਮੜੀ, ਨਾਖੁਨ, ਅੱਖਾਂ, ਪਿਸ਼ਾਬ-ਮਲ ਦਾ ਰੰਗ ਪੀਲਾ ਦਿਸਣਾ, ਚਮੜੀ ਡ੍ਰਾਈ ਤੇ ਖਾਰਸ਼, ਪੇਟ-ਦਰਦ, ਘਬਰਾਹਟ-ਉਲਟੀ, ਭੁੱਖ ਨਾ ਲੱਗਣਾ, ਲੱਤਾਂ ਅਤੇ ਗਿੱਟਿਆਂ ਵਿਚ ਸੋਜ, ਵਗੈਰਾ ਲੱਛਣ ਲਗਾਤਾਰ ਰਹਿਣ ਦਾ ਮਤਲਬ ਹੋ ਸਕਦਾ ਹੈ ਤੁਹਾਡਾ ਲਿਵਰ (ਜਿਗਰ) ਬਿਮਾਰ ਹੈ"- ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਮਾਰਚ 2023 ਦਾ ਮਹੀਨਾ ਜਿਗਰ ਦੇ ਰੋਗਾਂ ਪ੍ਰਤੀ ਜਾਗਰੂਕਤਾ ਲਈ ਮਨਾਇਆ ਜਾ ਰਿਹਾ ਹੈ। ਅੱਜ ਵਿਸ਼ਵ ਭਰ ਵਿਚ ਲਿਵਰ ਦੇ ਖਤਰਨਾਕ ਰੋਗਾਂ ਦਾ ਅੰਕੜਾ ਹਰ ਉਮਰ ਦੇ ਲੋਕਾਂ ਵਿਚ ਤੇਜ਼ੀ ਨਾਲ ਵੱਧ ਰਿਹਾ ਹੈ। ਤੁਹਾਡਾ ਜਿਗਰ ਸਰੀਰ ਦਾ ਇੰਜਣ ਹੈ, ਇਸਦੇ ਰੁਕਣ ਨਾਲ ਜ਼ਿੰਦਗੀ ਵੀ ਰੁੱਕ ਸਕਦੀ ਹੈ। ਸਰੀਰ ਤੇ ਮਨ ਨੂੰ ਤੰਦਰੁਸਤ, ਦਿਮਾਗ ਨੂੰ ਐਕਟਿਵ ਤੇ ਕ੍ਰਿਆਸ਼ੀਲ ਰੱਖਣ ਲਈ ਗਲੂਕੋਜ਼ ਦਾ ਉਤਪਾਦਨ, ਸਟੋਰ, ਸਪਲਾਈ ਨੂੰ ਕੰਟਰੋਲ ਕਰਦਾ ਹੈ। ਕੋਲੈਸਟ੍ਰੋਲ ਦੇ ਲੈਵਲ ਨੂੰ ਕਈ ਪਦਾਰਥਾਂ ਦੇ ਅਦਲ-ਬਦਲ ਨਾਲ ਮੈਨੇਜ ਕਰਦਾ ਹੈ। ਜਿਗਰ ਸਰੀਰ ਅੰਦਰੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਕੇ ਪਾਚਨ-ਸਿਸਟਮ ਲਈ ਪਿੱਤ ਪੈਦਾ ਕਰਦਾ ਹੈ। ਸਰੀਰ ਅੰਦਰ ਜ਼ਰੂਰੀ ਵਿਟਾਮਿਨ, ਖਣਿਜਾਂ ਦੇ ਨਾਲ-ਨਾਲ ਆਇਰਨ ਤੇ ਤਾਂਬੇ ਦੀ ਸਪਲਾਈ ਨੂੰ ਕੰਟ੍ਰੋਲ ਕਰਦਾ ਹੈ। ਅਲਕੋਹਲ, ਨਸ਼ੀਲੇ ਪਦਾਰਥਾਂ ਅਤੇ ਹੋਰ ਕੈਮੀਕਲਸ ਨੂੰ ਮੈਟਾਬੋਲਾਈਜ਼ ਕਰਕੇ ਬਲੱਡ ਨੂੰ ਕਲੀਨ ਕਰਦਾ ਹੈ। ਲਿਵਰ ਸਰੀਰ ਦੇ ਜ਼ਰੂਰੀ ਪ੍ਰੋਟੀਨ ਬਣਾਉਣ ਵਿਚ ਮਦਦ ਕਰਦਾ ਹੇ ਅਤੇ ਖ਼ੂਨ, ਖ਼ੂਨ ਦੇ ਥੱਕੇ ਤੇ ਇਨਫੈਕਸ਼ਨ ਦਾ ਵਿਰੋਧ ਕਰਨ ਵਾਲੇ ਪਦਾਰਥਾਂ ਨੂੰ ਟਰਾਂਸਪੋਰਟ ਇਜਾਜ਼ਤ ਦਿੰਦਾ ਹੈ। ਸੈਕਸ, ਥਾਇਰਾਇਡ, ਕੋਰਟੀਸੋਨ ਆਦਿ ਹਾਰਮੋਨਜ਼ ਦੇ ਸੰਤੁਲਨ ਨੂੰ ਕੰਟਰੋਲ ਵੀ ਕਰਦਾ ਹੈ।


**ਇਨਫੈਕਸ਼ਨ:** ਵਾਇਰਸ ਅਤੇ ਪਰਜੀਵੀ ਰਾਹੀਂ ਲਿਵਰ ਦੇ ਸੰਕ੍ਰਮਿਤ ਹੋ ਜਾਣ ਕਰਕੇ ਸੋਜ ਹੋ ਜਾਂਦੀ ਹੈ ਅਤੇ ਕੰਮ ਪੱਖੋਂ ਲਿਵਰ ਸੁਸਤ ਹੋ ਜਾਂਦਾ ਹੈ। ਜਿਗਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਾਇਰਸ, ਖ਼ੂਨ ਜਾਂ ਵੀਰਜ, ਦੂਸ਼ਿਤ ਫੂਡ, ਪਾਣੀ ਜਾਂ ਇਨਫੈਕਸ਼ਨ ਨਾਲ ਪੀੜਤ ਰੋਗੀ ਦੇ ਨਜ਼ਦੀਕੀ ਸੰਪਰਕ ਦੁਆਰਾ ਅਤੇ ਇੰਜੈਕਸ਼ਨ-ਸੂਈਆਂ ਸਾਂਝੀਆਂ ਕਰਨ ਨਾਲ ਤੰਦਰੁਸਤ ਵੀ ਬਿਮਾਰੀ ਦੇ ਘੇਰੇ ਵਿਚ ਆ ਜਾਂਦਾ ਹੈ। ਜਿਗਰ ਦੀ ਆਮ ਇਨਫੈਕਸ਼ਨ ਹੈਪੇਟਾਈਟਸ-ਏ, ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਕੁੱਝ ਬਿਮਾਰੀਆਂ ਵਿਚ ਇਮੀਊਨ ਸਿਸਟਮ ਸਰੀਰ ਦੇ ਆਟੋਮੀਊਨ 'ਤੇ ਅਟੈਕ ਕਰਕੇ ਜਿਗਰ ਨੂੰ ਪ੍ਰਭਾਵਿਤ ਕਰ ਸਕਦੀ ਹੈ।




ਆਟੋਇਮੀਊਨ ਹੈਪੇਟਾਈਟਸ, ਪ੍ਰਾਈਮਰੀ ਬਿਲੀਰੀ ਚੋਲਾਂਾਈਸਿਸ ਅਤੇ ਪ੍ਰਾਈਮਰੀ ਸਕਲਲੇਰੋਜ਼ਿੰਗ ਕੋਲਾਂਗਾਈਟਿਸ ਵਰਗੇ ਰੋਗ ਹੋ ਸਕਦੇ ਹਨ। ਮਾਂ-ਬਾਪ ਵਿਚੋਂ ਇੱਕ ਜਾਂ ਦੋਵਾਂ ਤੋਂ ਵਿਰਾਸਤ ਵਿਚ ਇੱਕ ਅਸਾਧਾਰਨ ਜੀਨ ਜਿਗਰ ਦੇ ਵੱਖ-ਵੱਖ ਪਦਾਰਥਾਂ ਨੂੰ ਬਣਾਉਣ ਦੇ ਕਾਰਨ ਹੇਮੋਕ੍ਰੋਮੇਟੋਸਿਸ, ਵਿਲਸਨ-ਰੋਗ ਅਤੇ ਅਲਫਾ-1 ਐਂਟੀਟ੍ਰਾਈਪਸਿਨ ਦੀ ਕਮੀ ਹੋ ਸਕਦੇ ਹਨ। ਲਿਵਰ ਦਾ ਕੈਂਸਰ, ਬਾਇਲ ਡਕਟ ਕੈਂਸਰ ਅਤੇ ਜਿਗਰ ਐਡੀਨੋਮਾ ਵਰਗੇ ਰੋਗਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜਿਗਰ ਦੇ ਵੱਧ ਰਹੇ ਰੋਗ ਲਗਾਤਾਰ ਅਲਕੋਹਲ ਲੈਣ ਦੀ ਦੁਰਵਰਤੋਂ, ਗੈਰ-ਅਲਕੋਹਲ ਵਾਲੀ ਫੈਟੀ ਲਿਵਰ ਦੀ ਬਿਮਾਰੀ, ਐਲੋਪੈਥੀ ਅਤੇ ਕੁੱਝ ਹਰਬਲ ਦਵਾਈਆਂ ਦੇ ਸਾਈਡ-ਇਫੈਕਟ ਵੀ ਕਾਰਨ ਬਣਦੇ ਹਨ।

## ਖਤਰੇ ਨੂੰ ਘੱਟ ਕਰੋ:

- ਜਿਗਰ ਦੀ ਬਿਮਾਰੀ ਵਧਾਉਣ ਵਿਚ ਅਲਕੋਹਲ, ਸਿਗਰੇਟ-ਬੀੜੀ, ਸਿਗਾਰ, ਵੇਪਸ, ਵੀਡ ਦੀ ਲੰਬੇ ਸਮੇਂ ਤੱਕ ਵਰਤੋਂ, ਜੰਕ-ਫੂਡ ਦਾ ਲਗਾਤਾਰ ਸੇਵਨ, ਮੋਟਾਪਾ, ਡਾਇਬਟੀਜ਼, ਫੈਮਿਲੀ ਹਿਸਟਰੀ, ਅਸੁਰੱਖਿਅਤ ਸੈਕਸ, ਡਰੱਗਜ਼, ਸਾਂਝੀਆਂ ਸੂਈਆਂ ਦੀ ਵਰਤੋਂ ਵਗੈਰਾ ਕਾਰਨ ਬਣ ਸਕਦੇ ਹਨ।
- ਫੈਟੀ ਜਿਗਰ ਦੀ ਸਮੱਸਿਆ ਤੋਂ ਦੂਰ ਰਹਿਣ ਲਈ ਆਪਣੇ ਵਜ਼ਨ 'ਤੇ ਪੂਰਾ ਕੰਟਰੋਲ ਰੱਖੋ। ਜਿਗਰ ਨੂੰ ਫਿੱਟ ਰੱਖਣ ਲਈ ਡੇਲੀ ਵਰਕ-ਆਉਟ, ਯੋਗਾ, ਸਾਈਕਲਿੰਗ, ਸੈਰ, ਮੇਡੀਟੇਸ਼ਨ ਦੀ ਆਦਤ ਪਾ ਲਵੋ।



- ਗਰਮ ਪਾਣੀ 'ਚ ਨਿੰਬੂ, ਆਲਿਵ-ਤੇਲ ਵਿਚ ਸਾਰਟਿਡ ਹਰੀ-ਸਬਜ਼ੀਆਂ, ਤਾਜ਼ਾ ਵੇਜੀਟੇਬਲ ਸੂਪ ਵਗੈਰਾ ਪੌਸ਼ਟਿਕ ਖ਼ੂਰਾਕ ਨੂੰ ਰੂਟੀਨ ਵਿਚ ਸ਼ਾਮਿਲ ਕਰੋ।
- ਸੈਕਸ ਦੇ ਮਾਮਲੇ ਵਿਚ ਆਪਣੇ ਪਾਰਟਨਰ ਪ੍ਰਤੀ ਇਮਾਨਦਾਰੀ ਵਰਤੋ। ਸੱਜੇ-ਖੱਬੇ ਮੂੰਹ ਮਾਰਨ ਦੀ ਆਦਤ ਤੋਂ ਬਚੋ।
- ਤੰਦਰੁਸਤ ਵਿਅਕਤੀ ਅਲਕੋਹਲ ਸੀਮਿਤ ਮਾਤਰਾ ਵਿਚ ਹੀ ਲੈਣ। ਬਿਮਾਰ ਜਿਗਰ ਦੌਰਾਨ ਡਰੱਗਜ਼, ਸਿਗਰੇਟ, ਬੀੜੀ, ਵੀਡ, ਸ਼ਰਾਬ, ਜੰਕ-ਫੂਡ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।
- ਡਾਕਟਰ ਦੀ ਸਲਾਹ ਨਾਲ ਹੈਪੇਟਾਈਟਸ ਦੇ ਖਤਰੇ ਤੋਂ ਬਚਣ ਲਈ ਹੈਪੇਟਾਈਟਸ-ਏ, ਬੀ ਅਤੇ ਹੈਪੇਟਾਈਟਸ-ਸੀ ਵੈਕਸੀਨ ਜ਼ਰੂਰ ਲਗਵਾਓ।
- ਪਰਸਨਲ ਅਤੇ ਬਾਹਰੀ ਸਫਾਈ ਦਾ ਪੂਰਾ ਖਿਆਲ ਰੱਖੋ। ਦੂਜੇ ਲੋਕਾਂ ਦੇ ਖ਼ੂਨ ਅਤੇ ਸਰੀਰ ਦੇ ਤਰਲ ਪਦਾਰਥਾਂ ਤੋਂ ਬਚਣਾ ਚਾਹੀਦਾ ਹੈ।
- ਗੈਰ-ਨੁਸਖੇ ਵਾਲੀ ਜਾਂ ਕੋਈ ਵੀ ਦਵਾਈ ਆਪਣੀ ਮਰਜੀ ਨਾਲ ਨਾ ਲਵੋ। ਇਲਾਜ ਦੌਰਾਨ ਲਾਪ੍ਰਵਾਹੀ ਖਤਰਨਾਕ ਹਾਲਾਤ ਦੇ ਸਕਦੀ ਹੈ। ਪੇਨ-ਕਿਲਰ ਅਤੇ ਕੁੱਝ ਕੋਲਸਟਰੋਲ ਦੀ ਦਵਾਈ ਦਾ ਮਾੜਾ ਅਸਰ ਲਿਵਰ ਨੂੰ ਬਿਮਾਰ ਕਰ ਸਕਦਾ ਹੈ।
- ਕੀਟਨਾਸ਼ਕ ਤੇ ਐਰੋਸੋਲ, ਕਲੀਨਿੰਗ ਪ੍ਰਾਡਕਟਸ ਯਾਨਿ ਜ਼ਹਿਰੀਲੇ ਕੈਮੀਕਲਸ ਨੂੰ ਇਨਹੇਲ ਨਾ ਕਰੋ। ਅਜਿਹੇ ਰਸਾਇਣ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ।
- ਉੱਚ ਕੈਲੋਰੀ ਵਾਲੇ ਪਦਾਰਥ, ਰਿਫਾਇੰਡ ਕਾਰਬੋਹਾਈਡਰੇਟ, ਜਿਵੇਂ ਚਿੱਟੀ ਰੋਟੀ, ਚਾਵਲ, ਜ਼ਿਆਦਾ ਪਾਸਤਾ ਅਤੇ ਸ਼ੱਕਰ ਤੋਂ ਪਰਹੇਜ਼ ਕਰਕੇ, ਪੌਸ਼ਟਿਕ ਖੁਰਾਕ ਯਾਨਿ ਤਾਜ਼ੇ ਫਲ-ਸਬਜ਼ੀਆਂ, ਸੀਮਿਤ ਮਾਤਰਾ 'ਚ ਮੀਟ, ਘੱਟ ਫੈਟ ਵਾਲਾ ਦੁੱਧ, ਪਨੀਰ ਅਤੇ ਹਾਈਡਰੇਸ਼ਨ ਲਈ ਡੇਲੀ 8-10 ਗਿਲਾਸ ਪਾਣੀ ਪੀਓ।

**ਨੋਟ:** ਬਿਮਾਰੀ ਦਾ ਕੋਈ ਵੀ ਲੱਛਣ 2 ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿਚ ਤੁਰੰਤ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਕੇ ਬਿਨਾ ਦੇਰੀ ਇਲਾਜ਼ ਸ਼ੁਰੂ ਕਰੋ। ਹਰਬਲ ਸਪਲੀਮੈਂਟਸ ਬਿਨਾ ਮਾਹਿਰ ਦੀ ਸਲਾਹ ਤੋਂ ਨਾ ਲਵੋ। ਸਬਜ਼ੀ-ਫੱਲ ਨਮਕ ਵਾਲੇ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਕਲੀਨ ਕਰਕੇ ਇਸਤੇਮਾਲ ਕਰੋ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## 'ਜੋ ਦਿਖਾ, ਸੋ ਲਿਖਾ'

# 'ਆਪ' ਸਰਕਾਰ ਤੋਂ ਸਾਲ ਵਿਚ ਹੀ ਜਨਤਾ ਦਾ ਮੋਹ ਭੰਗ

## ਦਿੱਲੀ ਦੇ ਕੰਟਰੋਲ ਕਾਰਨ ਪੰਜਾਬੀਆਂ ਵਿਚ ਰੋਸ

ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)





ਪੰਜਾਬ ਵਿਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ 16 ਮਾਰਚ ਨੂੰ ਆਪਣੇ ਸ਼ਾਸਨ ਦਾ ਇਕ ਸਾਲ ਪੂਰਾ ਕਰ ਲਿਆ ਹੈ। ਪੰਜ ਸਾਲਾਂ ਲਈ ਚੁਣੀ ਸਰਕਾਰ ਲਈ ਇਕ ਸਾਲ ਦਾ ਸਮਾਂ ਜੇਕਰ ਬਹੁਤ ਜ਼ਿਆਦਾ ਨਹੀਂ ਹੁੰਦਾ, ਤਾਂ ਘੱਟ ਵੀ ਨਹੀਂ ਸਮਝਿਆ ਜਾਂਦਾ। ਚੋਣਾਂ ਦੌਰਾਨ ਵਾਅਦਿਆਂ ਦੀ ਥਾਂ ਦਰਜਨ ਦੇ ਕਰੀਬ ਗਾਰੰਟੀਆਂ ਐਲਾਨ ਕੇ ਜਨਤਾ ਦੀਆਂ ਉਮੀਦਾਂ ਵਧਾਈਆਂ ਗਈਆਂ। ਜਨਤਾ ਨੇ ਵਿਸ਼ਵਾਸ ਕਰਕੇ ਰਵਾਇਤੀ ਪਾਰਟੀਆਂ ਦੀ ਬੱਦ-ਇੰਤਜ਼ਾਮੀ ਤੋਂ ਬਦਲਾਅ ਲਿਆਉਣ ਲਈ 92 ਸੀਟਾਂ ਵਾਲੀ ਮਜ਼ਬੂਤ ਸਰਕਾਰ ਬਣਾ ਦਿੱਤੀ। ਇਸ ਦੌਰਾਨ ਕੁੱਝ ਚੰਗਾ ਕਰਨ ਦੀ ਸ਼ੁਰੂਆਤ ਵੀ ਹੋਈ। ਹਰ ਪਰਿਵਾਰ ਨੂੰ 300 ਯੂਨਿਟ ਮਹੀਨਾ ਮੁਫਤ ਬਿਜਲੀ ਦੇਣੀ ਸ਼ੁਰੂ ਕੀਤੀ ਹੈ। ਪਹਿਲੇ ਸਾਲ ਵਿਚ ਸਿੱਖਿਆ ਵਿਚ ਸੁਧਾਰ ਲਈ ਬਜਟ ਵਿਚ ਵਾਧਾ ਅਤੇ ਮੁਫਤ ਸਿਹਤ ਸਹੂਲਤਾਂ ਲਈ 510 ਆਮ ਆਦਮੀ ਕਲੀਨਿਕਾਂ ਚੰਗੇ ਫੈਸਲੇ ਨੇ। ਪ੍ਰੰਤੂ ਅਗਲੇ ਬਜਟ ਵਿਚ ਔਰਤਾਂ ਨੂੰ 1000 ਰੁਪਏ ਮਹੀਨਾ ਅਤੇ ਪੈਨਸ਼ਨਾਂ 2500 ਰੁਪਏ ਮਹੀਨਾ ਕਰਨ ਦੀਆਂ ਗਾਰੰਟੀਆਂ ਤੋਂ ਟਾਲਾ ਵੱਟ ਰੱਖਿਆ। ਸਾਲ ਪੂਰਾ ਹੋਣ 'ਤੇ ਸਰਕਾਰ ਵਲੋਂ ਇਸ਼ਤਿਹਾਰਾਂ ਰਾਹੀਂ ਪ੍ਰਾਪਤੀਆਂ ਦਾ ਖ਼ੂਬ ਪ੍ਰਚਾਰ ਕਰ ਚੁੱਕੀ ਹੈ। ਪਰ ਬਹੁਤੇ ਖੇਤਰਾਂ ਵਿਚ ਸਰਕਾਰ ਪੂਰੀ ਤਰ੍ਹਾਂ ਫੇਲ ਦਿਖਾਈ ਦਿੰਦੀ ਹੈ। ਇਸ ਲੇਖ ਰਾਹੀਂ ਅਸੀਂ ਸੂਬੇ ਦੀ ਜ਼ਮੀਨੀ ਸਥਿਤੀ 'ਤੇ ਲੋਕਾਂ ਦੀ ਰਾਏ ਸਾਹਮਣੇ ਲਿਆਉਣ ਦਾ ਯਤਨ ਕਰਾਂਗੇ। ਸਰਕਾਰੀ ਧਿਰ ਨੂੰ ਆਪਣੇ ਚਾਪਲੂਸਾਂ ਰਾਹੀਂ ਸਭ ਕੁੱਝ ਅੱਛਾ ਹੀ ਨਜ਼ਰ ਆਉਂਦੈ।

### ਅਮਨ-ਕਾਨੂੰਨ ਦੀ ਖਸਤਾ ਹਾਲਤ

ਉਂਝ ਤਾਂ ਸਮੇਂ ਦੀਆਂ ਸਰਕਾਰਾਂ ਅਮਨ-ਕਾਨੂੰਨ ਦੀ ਸਥਿਤੀ ਕਾਬੂ ਹੇਠ ਹੋਣ ਦੇ ਦਾਅਵੇ ਹੀ ਕਰਦੀਆਂ ਆ ਰਹਿੰਦੀਆਂ ਨੇ, ਉਸੇ ਤਰ੍ਹਾਂ ਮੌਜੂਦਾ ਸਰਕਾਰ ਵੀ ਅਜਿਹੇ ਦਮਗਜ਼ੇ ਮਾਰਨ ਤੋਂ ਪਿੱਛੇ ਨਹੀਂ ਹੈ। ਸਾਲ ਪੂਰਾ ਹੋਣ ਦੇ ਅਹਿਮ ਮੌਕੇ 'ਤੇ ਪੂਰੇ ਸੂਬੇ ਵਿਚ ਇੰਟਰਨੈੱਟ ਸੇਵਾਵਾਂ ਬੰਦ ਨੇ ਅਤੇ ਹਰ ਜ਼ਿਲ੍ਹੇ ਵਿਚ ਪੁਲਿਸ ਦੇ ਫਲੈਗ ਮਾਰਚਾਂ ਰਾਹੀਂ ਸਹਿਮ ਦੂਰ ਕਰਨ ਦਾ ਯਤਨ ਹੋ ਰਿਹੈ। ਜੇਲ੍ਹ ਵਿਚ ਬੰਦ ਵੱਡੇ ਗੈਂਗਸਟਰ ਦੀਆਂ ਦੋ ਵੀਡੀਓ ਸੋਸ਼ਲ ਮੀਡੀਆ 'ਤੇ ਚੱਲਣ ਨੂੰ ਸਭ ਅੱਛਾ ਨਹੀਂ ਸਮਝਿਆ ਜਾ ਸਕਦਾ। ਗੈਂਗਸਟਰਾਂ ਵਲੋਂ ਕਤਲਾਂ ਅਤੇ ਫਿਰੌਤੀ ਦੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਨੇ। ਬੀਤੇ ਦਿਨੀਂ ਗੋਇੰਦਵਾਲ ਸਾਹਿਬ ਦੀ ਉੱਚ ਸੁਰੱਖਿਆ ਜੇਲ੍ਹ ਵਿਚ ਦੋ ਗੈਂਗਸਟਰਾਂ ਦੇ ਕਤਲਾਂ ਤੋਂ ਜੇਲ੍ਹਾਂ ਅੰਦਰ ਵੀ ਹਾਲਾਤ ਖਰਾਬ ਜਾਪਦੇ ਨੇ। ਜੇਲ੍ਹ ਵਿਭਾਗ ਮੁੱਖ ਮੰਤਰੀ ਪਾਸ ਜਾਣ ਦੇ ਬਾਵਜੂਦ ਸਥਿਤੀ ਸੁਧਰੀ ਨਹੀਂ। ਅਕਸਰ ਜੇਲ੍ਹਾਂ ਅੰਦਰੋਂ ਮੋਬਾਇਲ ਫੋਨ ਅਤੇ ਸਿੰਮ ਬਰਾਮਦ ਹੋ ਰਹੇ ਨੇ ਅਤੇ ਸਰਕਾਰ ਸਿਰਫ ਮੂਕ ਦਰਸ਼ਕ ਬਣੀ ਜਾਪਦੀ ਹੈ। ਗੈਰਕਾਨੂੰਨੀ ਅਨਸਰਾਂ ਵਲੋਂ ਕਤਲ ਅਤੇ ਫਿਰੌਤੀਆਂ ਦੀਆਂ ਸ਼ਰੇਆਮ ਵਾਰਦਾਤਾਂ ਨਾਲ ਜਨਤਾ 'ਚ ਸਰਕਾਰ ਪ੍ਰਤੀ ਗੁੱਸਾ ਵਧ ਰਿਹੈ। ਮਾਰਚ 2022 ਨੂੰ ਜਲੰਧਰ ਦੇ ਪਿੰਡ ਮੱਲੀਆਂ ਕਲਾਂ ਵਿਚ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਕਤਲ, 29 ਮਈ ਨੂੰ ਦਿਨ ਦਿਹਾੜੇ ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦੇ ਸ਼ਰੇਆਮ ਕਤਲ ਵਿਗੜੇ ਹਾਲਾਤਾਂ ਦੇ ਗਵਾਹੀ ਨੇ। ਫਿਰ 11 ਅਕਤੂਬਰ ਨੂੰ ਤਰਨ ਤਾਰਨ ਦੇ ਪਿੰਡ ਰਸੂਲਪੁਰ ਵਿਚ ਕੱਪੜਾ ਵਪਾਰੀ ਗੁਰਜੰਟ ਸਿੰਘ ਜੰਟਾ ਦਾ ਫਿਰੌਤੀ ਲਈ ਚਿੱਟੇ ਦਿਨ ਕਤਲ ਹੋਇਆ। 5 ਅਕਤੂਬਰ ਨੂੰ ਸ਼ਿਵ ਸੈਨਾ (ਟਕਸਾਲੀ) ਦੇ ਪ੍ਰਧਾਨ ਸੁਧੀਰ ਸੂਰੀ ਦੇ ਸੁਰੱਖਿਆ ਦੌਰਾਨ ਕਤਲ ਨੇ ਸਵਾਲ ਖੜ੍ਹੇ ਕੀਤੇ। ਕੋਟਕਪੂਰਾ 'ਚ 10 ਨਵੰਬਰ ਨੂੰ ਡੇਹਰਾ ਪ੍ਰੇਮੀ ਪਰਦੀਪ ਸਿੰਘ ਦਾ ਕਤਲ ਕੀਤਾ ਗਿਆ। 7 ਦਸੰਬਰ ਨੂੰ ਨਕੋਦਰ ਵਿਚ ਕੱਪੜਾ ਵਪਾਰੀ ਭੁਪਿੰਦਰ ਸਿੰਘ ਅਤੇ ਗੰਨਮੈਨ ਦਾ ਦਿਨ-ਦਿਹਾੜੇ ਕਤਲ ਹੋਇਆ। ਮੁਹਾਲੀ ਅਤੇ ਸਰਹਾਲੀ ਵਿਚ ਰਾਕਟ ਹਮਲੇ ਅੱਤਵਾਦ ਦੇ ਮੁੜ ਸਿਰ ਚੁੱਕਣ ਦੇ ਸੰਕੇਤ ਨੇ। ਮੁੱਖ ਮੰਤਰੀ ਦਾ ਮੂਸੇਵਾਲੇ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਗੋਲਡੀ ਬਰਾੜ ਦੀ ਗ੍ਰਿਫਤਾਰੀ ਬਾਰੇ ਦਾਅਵੇ ਦਾ ਪ੍ਰਮਾਣ ਵੀ ਸਾਹਮਣੇ ਨਹੀਂ ਆਇਆ। ਸੂਬੇ ਵਿਚ ਅਸਲੇ ਦੀ ਵਰਤੋਂ ਨਾਲ ਲੁੱਟ-ਖੋਹ ਦੀਆਂ ਵਾਰਦਾਤਾਂ ਦੀਆਂ ਘਟਨਾਵਾਂ ਵੀ ਆਮ ਨੇ।

### ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ

ਚੋਣਾਂ ਸਮੇਂ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣਾ ਸਰਕਾਰ ਦੀ ਅਹਿਮ ਗਾਰੰਟੀ ਸੀ। ਮੁੱਖ ਮੰਤਰੀ ਨੇ ਵਿਧਾਨ ਸਭਾ ਦੇ ਬਜਟ ਇਜਲਾਸ ਵਿਚ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਨੂੰ ਦੁਹਰਾਇਆ ਹੈ। ਵਿਜੀਲੈਂਸ ਨੇ ਕਈ ਸਾਬਕਾ ਮੰਤਰੀਆਂ, ਵਿਧਾਇਕਾਂ ਅਤੇ ਕਈ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਹੈ। ਪ੍ਰੰਤੂ 'ਆਪ' ਸਰਕਾਰ ਦੇ ਭ੍ਰਿਸ਼ਟਾਚਾਰੀ ਮੰਤਰੀ ਵਿਜੇ ਸਿੰਗਲਾ ਅਤੇ ਫੌਜਾ ਸਿੰਘ ਸਰਾਰੀ ਖਿਲਾਫ ਨਰਮ ਰਵੱਈਏ 'ਤੇ ਉਂਗਲਾਂ ਉਠਦੀਆਂ ਨੇ। ਰਿਸ਼ਵਤ ਲੈਂਦੇ ਫੜੇ ਗਏ 'ਆਪ' ਵਿਧਾਇਕ ਅਮਿਤ ਰਤਨ ਨੂੰ ਬਚਾਉਣ ਦੇ ਯਤਨ ਸਪੱਸ਼ਟ ਸਾਹਮਣੇ ਆਏ, ਮੀਡੀਆ ਦੇ ਦਬਾਅ ਨਾਲ ਹੀ ਗ੍ਰਿਫ਼ਤਾਰੀ ਹੋ ਸਕੀ। ਚੋਣਾਂ ਦੌਰਾਨ ਦਿੱਲੀ ਦੀ ਕੇਜਰੀਵਾਲ ਸਰਕਾਰ ਦੀ ਇਮਾਨਦਾਰੀ ਦਾ ਖ਼ੂਬ ਪ੍ਰਚਾਰ ਕੀਤਾ ਗਿਆ। ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਭ੍ਰਿਸ਼ਟਾਚਾਰ ਅਤੇ ਸਾਬਕਾ ਸਿਹਤ ਮੰਤਰੀ ਸਤੇਂਦਰ ਜੈਨ ਮਨੀ ਲਾਂਡਰਿੰਗ ਮਾਮਲਿਆਂ ਵਿਚ ਗ੍ਰਿਫ਼ਤਾਰੀ ਨਾਲ ਪਾਰਟੀ ਰਵਾਇਤੀ ਪਾਰਟੀਆਂ ਤੋਂ ਕੋਈ ਵੱਖਰੀ ਨਹੀਂ ਦਿੱਸਦੀ। ਕੇਜਰੀਵਾਲ ਭ੍ਰਿਸ਼ਟਾਚਾਰ ਮਾਮਲਿਆਂ 'ਚ ਫਸੇ 'ਆਪ' ਦੇ ਨੇਤਾਵਾਂ ਨੂੰ ਦੇਸ਼ ਭਗਤ ਦੱਸ ਰਹੇ ਨੇ। ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਘੱਟਣ ਦੀ ਬਜਾਏ ਕਈ ਗੁਣਾ ਵਧਿਆ ਦਿੱਸਦੈ। ਹੜਤਾਲ ਪਿੱਛੋਂ ਸਰਕਾਰ ਅਤੇ ਅਫਸਰਸ਼ਾਹੀ ਵਿਚਕਾਰ ਬੇਭਰੋਸਗੀ ਦਾ ਮਾਹੌਲ ਹੈ। ਅਫਸਰਾਂ ਦੇ ਦਬਾਅ ਕਾਰਨ ਆਈ.ਏ.ਐੱਸ. ਨੀਲਿਮਾਂ ਦੇ ਖਿਲਾਫ ਕਾਰਵਾਈ ਅੱਗੇ ਨਹੀਂ ਵਧਾ ਸਕੀ। ਦਰਜਨ ਦੇ ਕਰੀਬ ਸੀਨੀਅਰ ਅਧਿਕਾਰੀ ਕੇਂਦਰ ਵਿਚ ਡੈਪੂਟੇਸ਼ਨ 'ਤੇ ਜਾਣ ਲਈ ਲਿਖ ਚੁੱਕੇ ਨੇ। ਪੰਜਾਬ ਵਿਚ ਲਾਗੂ ਕੀਤੀ ਦਿੱਲੀ ਵਾਲੀ ਸ਼ਰਾਬ ਨੀਤੀ 'ਚ ਭ੍ਰਿਸ਼ਟਾਚਾਰ ਬਾਰੇ ਈ.ਡੀ. ਅੱਗੇ ਵੱਧ ਰਹੀ ਦਿੱਸਦੀ ਹੈ। ਆਬਕਾਰੀ ਵਿਭਾਗ ਦੇ ਦੋ ਸੀਨੀਅਰ ਅਧਿਕਾਰੀਆਂ ਤੋਂ ਪੁੱਛਗਿੱਛ ਵੀ ਹੋ ਚੁੱਕੀ ਹੈ। ਇਸ ਮਾਮਲੇ 'ਤੇ ਵਿਰੋਧੀ ਧਿਰ ਵਲੋਂ ਵਿਧਾਨ ਸਭਾ ਵਿਚ ਸਰਕਾਰ 'ਤੇ ਸਿੱਧੇ ਨਿਸ਼ਾਨੇ ਸਾਧੇ ਗਏ। ਭ੍ਰਿਸ਼ਟਾਚਾਰ ਦੇ ਮਾਮਲੇ ਸਿਰਫ ਫੜੋ-ਫੜੀ ਅਤੇ ਬਦਨਾਮੀ ਤੱਕ ਹੀ ਸੀਮਤ ਰਹਿੰਦੇ ਨੇ ਅਤੇ ਦੋਸ਼ੀ ਪਾਕ-ਸਾਫ ਨਿਕਲ ਜਾਂਦੇ ਨੇ।

### ਵਜ਼ਾਰਤ ਵਿਚ ਰੱਦੋਬਦਲ

ਮੰਤਰੀ ਮੰਡਲ ਦਾ ਗਠਨ ਅਤੇ ਵਿਭਾਗਾਂ ਦੀ ਵੰਡ ਪੂਰੀ ਤਰ੍ਹਾਂ ਮੁੱਖ ਮੰਤਰੀ ਦਾ ਅਧਿਕਾਰ ਹੁੰਦੈ। ਜੇਕਰ ਇਕ ਸਾਲ ਅੰਦਰ ਹੀ ਚਾਰ ਵਾਰ ਮੰਤਰੀ ਮੰਡਲ ਵਿਚ ਰੱਦੋਬਦਲ ਹੁੰਦੀ ਹੈ, ਤਾਂ ਅੰਦਰੂਨੀ ਖਿੱਚੋਤਾਣ ਅਤੇ ਬੇਵਿਸ਼ਵਾਸੀ ਦੇ ਚਰਚੇ ਹੋਣੇਂ ਲਾਜ਼ਮੀ ਨੇ। ਹੁਣੇ ਹੋਏ ਰੱਦੋਬਦਲ ਵਿਚ ਚੰਗੀ ਕਾਰਗੁਜ਼ਾਰੀ ਵਾਲੇ ਮੰਤਰੀ ਅਮਨ ਅਰੋੜਾ ਤੋਂ ਸ਼ਹਿਰੀ ਵਿਕਾਸ ਅਤੇ ਲੋਕ ਸੰਪਰਕ ਵਰਗੇ ਅਹਿਮ ਵਿਭਾਗ ਖੋਹ ਕੇ ਵੱਡਾ ਝੱਟਕਾ ਦਿੱਤਾ ਗਿਐ। ਪ੍ਰਭਾਵ ਇਹ ਗਿਐ ਕਿ ਅਰੋੜਾ ਲੋਕ ਸੰਪਰਕ ਵਿਭਾਗ ਦਾ ਕੰਮ ਦਿੱਲੀ ਟੀਮ ਅਨੁਸਾਰ ਨਹੀਂ ਚਲਾ ਰਹੇ ਸਨ, ਜਿਸ ਦਾ ਖਾਮਿਆਜ਼ਾ ਉਨ੍ਹਾਂ ਨੂੰ ਭੁਗਤਣਾ ਪਿਐ। ਸ਼ਹਿਰੀ ਵਿਕਾਸ ਵਿਭਾਗ ਮੁੱਖ ਮੰਤਰੀ ਪਾਸ ਜਾਣ ਨਾਲ ਅਫਸਰਸ਼ਾਹੀ ਦੇ ਰਹਿਮੋ-ਕਰਮ 'ਤੇ ਰਹੇਗਾ। ਪਹਿਲਾਂ ਹਰਜੋਤ ਬੈਂਸ ਨੂੰ ਕਈ ਵਿਭਾਗ ਦੇ ਕੇ ਅਹਿਮੀਅਤ ਦਿੱਤੀ ਗਈ, ਪਰ ਕੁੱਝ ਸਮਾਂ ਪਿੱਛੋਂ ਜੇਲ੍ਹ ਅਤੇ ਮਾਇਨਿੰਗ ਖੋਹ ਲਏ ਗਏ। ਮੀਤ ਹੇਅਰ ਨੂੰ ਮਾਇਨਿੰਗ ਦਿੱਤਾ ਗਿਆ ਅਤੇ ਜੇਲ੍ਹ ਵਿਭਾਗ ਮੁੱਖ ਮੰਤਰੀ ਨੇ ਅਪਣੇ ਪਾਸ ਲੈ ਲਿਆ। ਚੇਤੰਨ ਸਿੰਘ ਜੌੜੇਮਾਜਰਾ ਨੂੰ ਛਾਂਟੀ ਕੀਤੇ ਵਿਜੈ ਸਿੰਗਲਾ ਵਾਲਾ ਸਿਹਤ ਵਿਭਾਗ ਦੇਣ ਸਮੇਂ ਕਾਬਲੀਅਤ 'ਤੇ ਉਂਗਲਾਂ ਉਠੀਆਂ। ਫਿਰ ਵਿਵਾਦਾਂ ਕਾਰਨ ਉਨ੍ਹਾਂ ਤੋਂ ਸਿਹਤ ਵਿਭਾਗ ਲੈ ਕੇ ਨਵੇਂ ਮੰਤਰੀ ਬਣੇ ਡਾ. ਬਲਬੀਰ ਸਿੰਘ ਨੂੰ ਦਿੱਤਾ ਅਤੇ ਜੌੜੇਮਾਜਰਾ ਨੂੰ ਛੋਟੇ ਵਿਭਾਗ ਦਿੱਤੇ ਗਏ। ਹੁਣ ਜੌੜੇਮਾਜਰਾ ਨੂੰ ਲੋਕ ਸੰਪਰਕ ਵਿਭਾਗ ਦੇ ਕੇ ਦਿੱਲੀ ਟੀਮ ਨੂੰ ਫਰੀ ਹੈਂਡ ਦੇਣਾ ਸਮਝਿਆ ਜਾਂਦੈ। ਸਾਲ ਵਿਚ ਕੋਈ ਵੀ ਮੰਤਰੀ ਅੱਛੀ ਪਹਿਚਾਣ ਵੀ ਨਹੀਂ ਬਣਾ ਸਕਿਆ।

### ਤੈਅ ਹੋਣ ਤਰਜੀਹਾਂ

ਸਰਕਾਰ ਇਕ ਸਾਲ ਪੂਰਾ ਹੋਣ 'ਤੇ ਸੂਬੇ ਦੀ ਮਾੜੀ ਮਾਲੀ ਹਾਲਤ ਦੇ ਦੋਸ਼ ਪਹਿਲੀਆਂ ਸਰਕਾਰਾਂ ਸਿਰ 'ਤੇ ਮੜਨ ਤੋਂ ਅੱਗੇ ਵਧਣ ਲਈ ਤਿਆਰ ਨਹੀਂ ਹੈ। ਕੈਗ ਦੀ ਰਿਪੋਰਟ ਅਨੁਸਾਰ ਅਗਲੇ ਸਾਲ ਦੇ ਅੰਤ ਤੱਕ ਸੂਬੇ ਸਿਰ ਕਰਜਾ ਵੱਧ ਕੇ 3.45 ਲੱਖ ਕਰੋੜ ਹੋਣ ਦਾ ਅਨੁਮਾਨ ਹੈ। ਫੰਡਾਂ ਦੀ ਘਾਟ ਕਾਰਨ ਵਿਕਾਸ ਠੱਪ ਰਿਹੈ, ਬਹੁਤੀਆਂ ਸੜਕਾਂ 'ਚ ਟੋਏ ਮੂੰਹ ਚਿੜਾ ਰਹੇ ਨੇ। ਨਸ਼ਿਆਂ ਨਾਲ ਮੌਤਾਂ ਅਤੇ ਕਿਸਾਨ ਖੁਦਕੁਸ਼ੀਆਂ ਜਾਰੀ ਨੇ। ਜਵਾਨੀ ਵਿਦੇਸ਼ਾਂ ਵੱਲ ਜਾ ਰਹੀ ਹੈ। ਬਦਲਾਅ ਕਿਧਰੇ ਦਿਖਾਈ ਨਹੀਂ ਦਿੰਦਾ, ਵੀ.ਆਈ.ਪੀ. ਕਲਚਰ ਹੋਰ ਵਧਿਐ।

ਸਾਰੇ ਅਹਿਮ ਫੈਸਲੇ ਦਿੱਲੀ ਦੀ ਟੀਮ ਵਲੋਂ ਲਏ ਜਾਣ ਦੇ ਚਰਚੇ ਚਲਦੇ ਨੇ। ਸਰਕਾਰ ਵਿਚ ਦਿੱਲੀ ਟੀਮ ਦਾ ਸਿੱਧਾ ਦਖਲ ਭਗਵੰਤ ਮਾਨ ਦੇ ਇਕ ਮਜ਼ਬੂਤ ਮੁੱਖ ਮੰਤਰੀ ਵਜੋਂ ਉਭਰਨ ਵਿਚ ਰੁਕਾਵਟ ਬਣਿਆ ਦਿੱਸਦੈ। ਰਾਜਪਾਲ ਖੁਦ ਜਨਤਾ ਵਿਚ ਜਾ ਕੇ ਨਾਕਾਮੀਆਂ ਉਜਾਗਰ ਕਰ ਚੁੱਕੇ ਨੇ। ਪਰ ਸਰਕਾਰ ਜ਼ਮੀਨੀ ਸੱਚਾਈ ਬਾਰੇ ਸੁਣਨ ਨੂੰ ਤਿਆਰ ਨਹੀਂ ਜਾਪਦੀ। ਸਰਕਾਰ ਨੂੰ ਚਾਹੀਦੈ, ਜਨਤਾ ਸਾਹਮਣੇ ਸਹੀ ਸਥਿਤੀ ਰੱਖੇ ਅਤੇ ਹਾਲਾਤ ਸੁਧਾਰਨ ਲਈ ਸੁਹਿਰਦ ਯਤਨ ਕਰੇ। ਪਹਿਲੇ ਸਾਲ ਦੀ ਕਾਰਗੁਜ਼ਾਰੀ ਤੋਂ ਸੂਬੇ ਦੀ ਜਨਤਾ ਦਾ ਸਰਕਾਰ ਪ੍ਰਤੀ ਮੋਹ ਭੰਗ ਹੋਇਆ ਸਪੱਸ਼ਟ ਝਲਕਦੈ।



# ਡੋਲਿਆ ਸਿੰਘਾਸਨ ਰੱਬ ਦਾ ਕੰਡੇ ਦੇ ਕਾਰਨ

## ਕੰਡੇ ਦਾ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਇੱਕ ਦਿਨ ਇੱਕ ਬੰਦੇ ਨੇ ਮੋਬਾਇਲ, ਫੇਸਬੁੱਕ, ਇੰਟਰਨੈੱਟ, ਟੀ.ਵੀ., ਵੱਟਸਐਪ, ਬਿਜਲੀ ਤੇ ਸਕੂਟਰ, ਕਾਰ ਨਹੀਂ ਚਲਾਇਆ, ਤਾਂ ਰੱਬ ਦਾ ਸਿੰਘਾਸਨ ਡੋਲ ਗਿਆ। ਰੱਬ ਨੇ ਆਪਣੇ ਪੀ.ਏ. ਨੂੰ ਪੁੱਛਿਆ ਬਈ ਇਸ ਯੁੱਗ 'ਚ ਕੌਣ ਸਾਊ ਬੰਦਾ ਜਿਹੜਾ ਭਗਤੀ ਕਰਨ ਲੱਗ ਪਿਆ? ਤਾਂ ਰੱਬ ਦੇ ਪੀ.ਏ. ਨੇ ਸਕੈਨ ਕਰਕੇ ਦੱਸਿਆ, ਜੀ ਇਹ ਭਾਰਤ 'ਚ ਪੰਜਾਬ 'ਚ, ਮੋਗੇ 'ਚ ਕੋਈ ਕੰਡਾ ਹੈ ਜੀ। ਇਹ ਕੰਡਾ ਕੀ ਬਲਾ ਹੈ, ਕਾਹਦਾ ਕੰਡਾ? ਰੱਬ ਨੇ ਪੁੱਛਿਆ। ਇਹ ਤਾਂ ਕੰਡੇ ਦਾ ਕੰਡਾ ਕਾਲਮ ਲਿਖਦਾ ਜੀ, ਤੁਸੀਂ ਨਹੀਂ ਪੜ੍ਹਿਆ ਕਦੇ, ਉਹ ਸੱਚ ਤੁਸੀਂ ਤਾਂ ਵੱਟਸ ਐਪ ਨਹੀਂ ਚਲਾਉਂਦੇ, ਨਾ ਹੀ ਫੇਸਬੁੱਕ, ਇਹ ਸਾਰੇ ਅਖਬਾਰਾਂ 'ਚ ਵੀ ਲਿਖਦਾ। ਉਏ ਮੇਰਾ ਸਿੰਘਾਸਨ ਡੋਲੀ ਜਾਂਦਾ, ਹੋਰ ਨਾ ਥੱਲੇ ਜਾਣਾ ਪਵੇ, ਛੇਤੀ ਪਤਾ ਕਰਕੇ ਦੱਸ, ਇਹ ਚਾਹੁੰਦਾ ਕੀ ਆ? ਰੱਬ ਨੇ ਪੁੱਛਿਆ। ਜੀ ਹੁਣੇ ਪਤਾ ਕਰਦੇਂ ਹਾਂ ਜੀ ਤੇ ਦਸਾਂ ਮਿੰਟਾਂ ਬਾਅਦ ਪੀ.ਏ. ਨੇ ਰਿਪੋਰਟ ਦਿੱਤੀ "ਰੱਬ ਜੀ, ਇਹ ਤਾਂ ਕ੍ਰਿਮਨਿਲ ਲੋਕਾਂ ਦੇ ਕੰਡੇ ਕੱਢਦਾ, ਖਾਸਕਰ ਸਿਆਸਤ ਦੇ, ਇਹ ਮੈਂ ਪਤਾ ਲਾਇਆ ਹੈ ਜੀ, ਅੱਜ ਮੋਗਾ ਬੰਦ ਸੀ ਤੇ ਇਨ੍ਹਾਂ ਦੀਆਂ ਬਿਜ਼ਲੀ ਦੀਆਂ ਤਾਰਾਂ ਕੋਈ ਟਰੱਕ ਤੋੜ ਗਿਆ, ਬਿਜ਼ਲੀ ਹੈਨੀ ਸੀ, ਤਾਂ ਸਾਰਾ ਕੁੱਛ ਬੰਦ ਰਿਹਾ ਜੀ। ਜਦੋਂ ਸਾਰਾ ਮੋਗਾ ਬੰਦ ਸੀ, ਇਸ ਕਰਕੇ ਇਹਨੇ ਨਾ ਸਕੂਟਰ ਚਲਾਇਆ ਤੇ ਨਾ ਹੀ ਕਾਰ ਚਲਾਈ। ਹਾਂ ਸੱਚ ਜਦੋਂ ਕੰਡੇ ਨੂੰ ਪੁੱਛਿਆ, ਬਈ ਤੈਨੂੰ ਕੁੱਛ ਚਾਹੀਦਾ, ਰੱਬ ਜੀ ਨੇ ਪੁੱਛਿਆ, ਤਾਂ ਉਹਨੇ ਤੁਹਾਨੂੰ ਲਿਖ ਕੇ ਸੁਨੇਹਾ ਭੇਜਿਆ "ਰੱਬ ਜੀ ਜਦੋਂ ਟਾਈਮ ਲੱਗੇ ਰੰਗਲੇ ਤੋਂ ਫਿੱਕੇ ਪੰਜਾਬ ਵੱਲ ਜ਼ਰੂਰ ਧਿਆਨ ਦੇਣਾ। ਪਾਣੀ ਸਿਰ ਤੋਂ ਉਪਰ ਦੀ ਹੋ ਗਿਆ ਹੈ। ਤੁਸੀਂ ਸਭ ਜਾਨੀਜਾਨ ਹੋ ਜੀ, ਤੁਹਾਨੂੰ ਕਹਿਣ ਦੀ ਜ਼ਰੂਰਤ ਨਹੀਂ। ਪਰ ਪੰਜਾਬ ਦਾ ਬਹੁਤ ਬੁਰਾ ਹਾਲ ਹੈ। ਕਿਰਪਾ ਕਰ ਦਿਉ। ਧੰਨਵਾਦ ਸਾਹਿਤ ਡਾ. ਅਮਰੀਕ ਸਿੰਘ ਕੰਡਾ, ਮੋਗਾ।" ਰੱਬ ਜੀ ਸੁੰਨ ਹੋ ਗਏ ਤੇ ਪੀ.ਏ. ਵੀ ਰੱਬ ਵੱਲ ਬੜੀ ਗੁਹ ਨਾਲ ਵੇਖ ਰਿਹਾ ਸੀ। ਤਦੇ ਹੀ ਮੈਨੂੰ ਘਰਵਾਲੀ ਨੇ ਉਠਇਆ, ਉਠੋ ਕੀ ਸੁਪਨੇ ਵੇਖੀ ਜਾਂਦੇ ਹੋ...?

# ‘ਤਲਖ਼ੀਆਂ’ ਵਾਲਾ ਸ਼ਾਇਰ ‘ਸਾਹਿਰ ਲੁਧਿਆਣਵੀ’

ਬਾਲੀਵੁੱਡ ਦਾ ਇਕ ਵਕਤ ਸੀ, ਜਦ ਸ਼ਾਇਰੀ ਤੇ ਸੰਜੀਦਾ ਮਾਇਨਿਆਂ ਵਾਲੇ ਗੀਤ/ਕੱਵਾਲੀਆਂ ਦੇ ਬੋਲਾਂ ਵਾਲੀਆਂ ਫਿਲਮਾਂ ਬਣਦੀਆਂ ਸਨ। ਇਹ ਫਿਲਮਾਂ ਬਹੁਤ ਕਾਮਯਾਬ ਰਹੀਆਂ, ਜਿਨ੍ਹਾਂ ਵਿਚ ਮਨੋਰੰਜਨ ਵੀ ਸੀ, ਲੋਕਾਂ ਦੀ ਦਿਲਚਸਪੀ ਵੀ ਸੀ ਤੇ ਕਮਾਈ ਵੀ ਚੰਗੀ ਹੁੰਦੀ ਸੀ, ਜਿਵੇਂ ਬਰਸਾਤ ਕੀ ਰਾਤ, ਗ਼ਜ਼ਲ, ਪਿਆਸਾ, ਮੇਰੇ ਮਹਿਬੂਬ, ਕਭੀ ਕਭੀ ਵਗ਼ੈਰਾ। ਇਨ੍ਹਾਂ ਫਿਲਮਾਂ ਵਿਚ ਹੀਰੋ ਜਾਂ ਹੀਰੋਇਨ ਜਾਂ ਦੋਵੇਂ, ਸ਼ਾਇਰ ਹੁੰਦੇ ਸਨ ਤੇ ਸ਼ਾਇਰੀ ਦੇ ਮੁਕਾਬਲੇ ਹੁੰਦੇ ਸਨ। ਇਨ੍ਹਾਂ ਦੇ ਨਗ਼ਮੇ ਅੱਜ ਵੀ ਜ਼ਿੰਦਾ ਹਨ ਤੇ ਲੋਕ ਇਨ੍ਹਾਂ ਦੇ ਦੀਵਾਨੇ ਹਨ। ਜਿਵੇਂ: “ਸੁਰਖ਼ ਆਂਚਲ ਕੋ ਦਬਾਅ ਕਰ ਜੋ ਨਿਚੋੜਾ ਉਸ ਨੇ, ਦਿਲ ਪੇ ਜਲਤਾ ਹੂਆ ਇਕ ਤੀਰ ਸਾ ਛੌੜਾ ਉਸਨੇ,

ਆਗ ਪਾਨੀ ਮੇਂ ਲਗਾਤੇ ਹੂਏ ਹਾਲਾਤ ਕੀ ਰਾਤ, ਜ਼ਿੰਦਗ਼ੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ” (ਬਰਸਾਤ ਕੀ ਰਾਤ 1960)। ਐਸੀਆਂ ਫਿਲਮਾਂ ਦੇ ਗੀਤਕਾਰ ਆਮ ਕਰਕੇ ਸਾਹਿਰ ਲੁਧਿਆਣਵੀ ਹੀ ਹੁੰਦੇ ਸਨ।

ਤਲਖ਼ੀਆਂ ਭਰੀ ਜ਼ਿੰਦਗ਼ੀ ਵਾਲੇ ਇਸ ਜ਼ਹੀਨ ਸ਼ਾਇਰ, ਸਾਹਿਰ ਲੁਧਿਆਣਵੀ ਦੀ ਜਨਮ 8 ਮਾਰਚ, 1921 ਨੂੰ ਇਕ ਅਮੀਰ ਮੁਸਲਿਮ ਗੁੱਜਰ ਖ਼ਾਨਦਾਨ ਵਿਚ, ਅੱਬਾ ਚੌਧਰੀ ਫ਼ਜ਼ਲ ਅਹਿਮਦ ਤੇ ਅੰਮੀ ਸਰਦਾਰ ਬੇਗ਼ਮ ਦੇ ਘਰ ਲੁਧਿਆਣਾ ਵਿਖੇ ਹੋਈ ਸੀ। ਉਹਦਾ ਬਚਪਨ ਦਾ ਨਾਮ ਅਬਦੁਲ ਹਈ ਸੀ। ਅਬਦੁਲ (ਸਾਹਿਰ) ਅਜੇ ਛੇਆਂ ਕੁ ਮਹੀਨਿਆਂ ਦਾ ਸੀ, ਜਦ ਅਮੀਰ ਤੇ ਗਾਲ਼ੀ-ਗਲੋਚ ਕਰਨ ਵਾਲੇ ਬਾਪ ਦੀਆਂ ਜ਼ਿਆਦਤੀਆਂ ਕਰਕੇ ਬੱਚੇ ਸਮੇਤ ਮਾਂ ਨੂੰ ਵੱਖ ਹੋਣਾ ਪਿਆ। ਸਰਦਾਰ ਬੇਗ਼ਮ, ਨਿੱਕੇ ਨਿਆਣੇ ਅਬਦੁਲ ਨੂੰ ਲੈ ਕੇ ਅਲੱਗ ਰਹਿਣ ਲੱਗੀ। ਕਿਉਂਕਿ ਉਹ ਖ਼ੁਦ ਛੱਡ ਕੇ ਗਈ, ਸੋ ਉਹਨੇ ਕੋਈ ਮੁਆਵਜ਼ਾ ਵਗ਼ੈਰਾ ਨਹੀਂ ਲਿਆ। ਤੰਗੀਆਂ-ਤੁਰਸ਼ੀਆਂ ਦਰਮਿਆਨ ਅਬਦੁਲ, ਪਹਿਲਾਂ ਲੁਧਿਆਣੇ ਦੇ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਿਆ ਤੇ ਉਸ ਤੋਂ ਬਾਅਦ ਉਹਨੇ ਗੌਰਮਿੰਟ ਕਾਲਜ ਲੁਧਿਆਣਾ ਵਿਚ ਦਾਖ਼ਲਾ ਲਿਆ। ਕਾਲਜ ਵਿਚ ਹੀ ਉਹ ਗ਼ਜ਼ਲਾਂ ਤੇ ਨਜ਼ਮਾਂ ਸੁਣਾਉਣ ਵਾਸਤੇ ਕਾਫੀ ਮਸ਼ਹੂਰ ਹੋ ਗਿਆ ਸੀ। ਸਾਹਿਰ ਦੀ ਜ਼ਿੰਦਗ਼ੀ ਤਲਖ਼ੀਆਂ ਨਾਲ ਭਰੀ ਪਈ ਸੀ। “ਤਲਖ਼ੀਆਂ” ਉਹਦੀ ਇਕ ਮਕਬੂਲ ਉਰਦੂ ਸ਼ਾਇਰੀ ਦੀ ਕਿਤਾਬ ਵੀ ਹੈ। ਨਫ਼ਰਤਾਂ ਤੇ ਤੰਗੀਆਂ ਨੇ ਉਹਨੂੰ ਸਾਰੀ ਉਮਰ ਘੇਰੀ ਰੱਖਿਆ। ਅਦਬ ਤੇ ਸ਼ਾਇਰੀ ਦੀਆਂ ਘਾਗ ਸ਼ਖ਼ਸੀਅਤਾਂ, ਮੁਨੀਰ ਨਿਆਜ਼ੀ, ਅਹਮਦ ਰਾਹੀ, ਇਬਨੇ ਇਨਸ਼ਾ, ਨਾਸਿਰ ਕਾਜ਼ਮੀ ਤੇ ਸਾਹਿਰ ਲੁਧਿਆਣਵੀ, ਗੂੜ੍ਹੇ ਦੋਸਤ ਸਨ। 1943 ਵਿਚ ਲੁਧਿਆਣੇ ਤੋਂ ਲਾਹੌਰ ਜਾ ਕੇ ਸਾਹਿਰ ਨੇ ਦਿਆਲ ਸਿੰਘ ਕਾਲਜ ਵਿਚ ਦਾਖ਼ਲਾ ਲੈ ਲਿਆ। ਉਥੇ ਉਹ ਵਿਦਿਆਰਥੀਆਂ ਦੀ ਫੈਡਰੇਸ਼ਨ ਦਾ ਪ੍ਰਧਾਨ ਚੁਣਿਆ ਗਿਆ। ਕੁਝ ਦੇਰ ਬਾਅਦ ਉਹਨੇ ਕਾਲਜ ਛੱਡ ਦਿੱਤਾ ਤੇ ਅਦਬੇ ਲਤੀਫ਼, ਸ਼ਾਹਕਾਰ ਅਤੇ ਸਵੇਰਾ ਵਰਗੇ ਉਰਦੂ ਰਸਾਲਿਆਂ ਦਾ ਸੰਪਾਦਕੀ ਸਟਾਫ ਬਣ ਗਿਆ। ਲਾਹੌਰ ਵਿਚ ਉਹ ਕਮਿਊਨਿਸਟ ਪਾਰਟੀ ਪ੍ਰੋਗ੍ਰੈਸਿਵ ਰਾਇਟਰਜ਼ ਤਨਜ਼ੀਮ ਦਾ ਮੈਂਬਰ ਸੀ। ਅੱਲਾਮਾ ਇਕਬਾਲ ਦੇ ਇਕ ਸ਼ੇਅਰ, “ਇਸ ਚਮਨ ਮੇਂ ਹੋਂਗੇ ਪੈਦਾ ਬੁਲਬੁਲੇ ਸ਼ੈਰਾਜ਼ ਭੀ, ਸੈਂਕੜੋਂ ਸਾਹਿਰ ਭੀ ਹੋਂਗੇ ਸਾਹਿਬੇ ਐਜਾਜ਼ ਭੀ”, ਵਿਚੋਂ ‘ਸਾਹਿਰ’ ਲਫ਼ਜ਼ ਉਹਦੇ ਧਿਆਨ ਗੋਚਰ ਆਇਆ, ਜਿਸ ਦੇ ਮਾਅਨੇ ਹਨ ‘ਰੌਸ਼ਨ ਦਿਮਾਗ਼/ਜਾਦੂਗਰ’। ਸੋ ਅਬਦੁਲ ਨੇ ਆਪਣਾ ਕਲਮੀ ਨਾਮ ਸਾਹਿਰ ਲੁਧਿਆਣਵੀ ਰੱਖ ਲਿਆ। ਉਹਨੇ ਉਰਦੂ ਤੇ ਹਿੰਦੀ ਵਿਚ ਸ਼ਾਇਰੀ ਕੀਤੀ ਤੇ ਬਾਲੀਵੁੱਡ ਦੀਆਂ ਬਹੁਤ ਸਾਰੀਆਂ ਫਿਲਮਾਂ ਵਾਸਤੇ ਗੀਤ ਲਿਖੇ। 1947 ਦੇ ਮੁਲਕ ਦੇ ਵੰਡ ’ਤੇ ਪਾਕਿਸਤਾਨ ਬਨਣ ਵੇਲੇ ਉਹ ਲਾਹੌਰ ਵਿਚ ਹੀ ਸੀ। ਨਵੇਂ ਪਾਕਿਸਤਾਨ ਵਿਚ ਹਕੂਮਤ ਦੀਆਂ ਵਧੀਕੀਆਂ ਦੇ ਖ਼ਿਲਾਫ਼, ਲੁਧਿਆਣਵੀ ਨੇ ‘ਆਵਾਜ਼-ਏ-ਆਦਮ’ ਅਨੁਵਾਨ ਨਾਲ ਇਕ ਬੇਹੱਦ ਇਨਕਲਾਬੀ ਤੇ ਜੋਸ਼ੀਲੀ ਨਜ਼ਮ ਲਿਖੀ, ਜੋ ਉਸ ਨੇ ਲਾਹੌਰ ’ਚ ਇਕ ਮੁਜ਼ਾਹਰੇ ਵਿਚ ਪੜ੍ਹੀ, ਜਿਸਦੀਆਂ ਆਖ਼ਰੀ ਸਤਰਾਂ ਹਨ:

ਕਹਾਂ ਤਕ ਹੈ ਤੁਮਹਾਰੇ ਜ਼ੁਲਮ ਮੇਂ ਦਮ ਹਮ ਭੀ ਦੇਖੇਂਗੇ।

ਯੇ ਹੰਗਾਮਾਏ ਵਿਦਾਏ ਸ਼ਬ ਹੈ ਐ ਜ਼ੁਲਮਤ ਕੇ ਫ਼ਰਜ਼ੰਦੋ,

ਸਹਰ ਕੇ ਦੋਸ਼ ਪਰ ਗੁਲਨਾਰ ਪਰਚਮ ਹਮ ਭੀ ਦੇਖੇਂਗੇ॥

ਤੁਮਹੇਂ ਭੀ ਦੇਖਨਾ ਹੋਗਾ ਯੇ ਆਲਮ, ਹਮ ਭੀ ਦੇਖੇਂਗੇ॥

ਇਸ ਆਖ਼ਰੀ ਸਤਰ ਕਹਿੰਦੀ ਹੈ ਕਿ ਲਾਲ ਰੰਗ ਦੇ ਇਨਕਲਾਬੀ ਝੰਡੇ ਨੂੰ ਖ਼ੂਬ ਉਚਾ ਝੂਲਦਾ “ਹਮ ਭੀ ਦੇਖੈਂਗੇ”।

ਨਵਾਂ-ਨਵਾਂ ਬਣਿਆ ਪਾਕਿਸਤਾਨ, ਅਮਰੀਕਾ ਨੂੰ ਇਹ ਯਕੀਨ ਦਵਾਉਣ ’ਚ ਲੱਗਿਆ ਹੋਇਆ ਸੀ ਕਿ ਅਸੀਂ, ਰੂਸ ਦੀ ਸੋਚ (ਕਾਮਰੇਡ) ਵਾਲੇ ਨਹੀਂ, ਅਮਰੀਕਾ ਵਾਲੇ ਪਾਸੇ ਹੈ। ਇਹ ਪੱਛਮੀ ਮੁਲਕਾਂ ਨੂੰ ਵੀ ਦੱਸਣਾ ਚਾਹੁੰਦਾ ਸੀ, ਪੂਰੇ ਮੱਧ-ਪੂਰਬ (ਮਿਡਲ-ਈਸਟ), ਖਿੱਤੇ ਵਿਚ ਵੀ ਅਸੀਂ ਤੁਹਾਡੇ ਹੀ ਨਾਲ ਹਾਂ। ਐਸੇ ਮੌਕੇ ’ਤੇ ਪਹਿਲਾਂ ਤਾਂ ਸਾਹਿਰ ਨੇ ਇਹ ਨਜ਼ਮ ਇਕ ਮੁਜ਼ਾਹਰੇ ਵਿਚ ਪੂਰੇ ਜੋਸ਼ ਨਾਲ ਪੜ੍ਹੀ। ਪਰ ਜਦ ਇਹ ਕਲਾਮ ਛਪਿਆ, ਤਾਂ ਪਾਕਿਸਤਾਨ ਸਰਕਾਰ ਵੱਲੋਂ ਧਮਕੀਆਂ ਮਿਲਣ ਲੱਗ ਪਈਆਂ ਤੇ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ। ਉਸਨੂੰ ਅਹਿਸਾਸ ਹੋਇਆ ਕਿ ਪਾਕਿਸਤਾਨ ਵਿਚ ਰਹਿਣਾ ਠੀਕ ਨਹੀਂ। ਸੋ 1949 ਵਿਚ ਉਹ ਲਾਹੌਰ ਛੱਡ ਕੇ ਦਿੱਲੀ ਪਹੁੰਚ ਗਿਆ ਤੇ ਦੋ ਮਹੀਨੇ ਬਾਅਦ ਬੰਬਈ, ਜਿੱਥੇ ਅੰਧੇਰੀ ਇਲਾਕੇ ਵਿਚ ਕਵੀ ਗ਼ੁਲਜ਼ਾਰ ਤੇ ਉਰਦੂ ਦੇ ਲੇਖਕ ਕ੍ਰਿਸ਼ਨ ਚੰਦਰ ਉਹਦੇ ਗਵਾਂਢੀ ਸਨ। ਫਿਲਮ ਨਗਰੀ ਵਿਚ ਨਗ਼ਮਾ ਨਿਗ਼ਾਰ ਵਜੋਂ ਕਿਸਮਤ ਅਜ਼ਮਾਈ ਤੇ ਪੂਰੀ ਕਾਮਯਾਬੀ ਹਾਸਲ ਕੀਤੀ। 1970 ਵਿਚ ਉਹਨੇ ਵਿਚ ਆਪਣਾ ਬੰਗਲਾ “ਪ੍ਰਛਾਈਆਂ” ਬਣਵਾਇਆ ਤੇ ਆਪਣੀ ਮੌਤ ਤੱਕ ਉਸੇ ਘਰ ਵਿਚ ਹੀ ਰਿਹਾ।

ਲਾਹੌਰ ਵਿਚ ਰਹਿੰਦਿਆਂ ਉਹ ਕਮਿਊਨਿਸਟ ਪਾਰਟੀ ਵਿਚ ਪ੍ਰੋਗ੍ਰੈਸਿਵ ਰਾਇਟਰਜ਼ ਤਨਜ਼ੀਮ ਦਾ ਮੈਂਬਰ ਸੀ। ਸੋ 1940-1950 ਦੌਰਾਨ ਉਹਦੀ ਸ਼ਾਇਰੀ ਤੇ ਫਿਲਮੀ ਨਗ਼ਮਿਆਂ ਵਿਚ ਇਸੇ ਤਰ੍ਹਾਂ ਦੀ ਸੋਚ ਹਾਵੀ ਰਹੀ। ਫਿਲਮ ਲਾਇਨ ਵਿਚ ਸਭ ਤੋਂ ਪਹਿਲਾਂ 1949 ਵਿਚ ‘ਆਜ਼ਾਦੀ ਕੀ ਰਾਹ’ ’ਚ ਨਗ਼ਮੇਂ ਲਿਖਣ ਦਾ ਕੰਮ ਮਿਲਿਆ, ਜਿਹਦਾ ਇਕ ਨਗ਼ਮਾ ਸੀ ‘ਬਦਲ ਰਹੀ ਹੈ ਜ਼ਿੰਦਗ਼ੀ....’। ਪਰ ਫਿਲਮ ਵੀ ਤੇ ਗਾਣੇ ਵੀ ਕੋਈ ਚਮਤਕਾਰ ਨਹੀਂ ਕਰ ਸਕੇ। ਬਹਰਹਾਲ 1951 ਵਿਚ ਐੱਸ.ਡੀ. ਬਰਮਨ ਦੀ ਮੌਸਿਕੀ ਵਿਚ ਫਿਲਮ ਨੌਜਵਾਨ ਤੇ ਉਸੇ ਸਾਲ ਫਿਲਮ ਬਾਜ਼ੀ ਦੇ ਗਾਣਿਆਂ ਨੇ ਕਾਮਯਾਬੀ ਹਾਸਲ ਕੀਤੀ। 1957 ਵਿਚ ਦੁਬਾਰਾ ਐੱਸ.ਡੀ. ਬਰਮਨ ਨਾਲ ਪਿਆਸਾ ਫਿਲਮ ਵਿਚ ਕੰਮ ਕੀਤਾ। ਫਿਲਮ ਤੇ ਇਸ ਦੇ ਨਗ਼ਮੇਂ ਹਿੱਟ ਹੋ ਗਏ। ‘ਯੇ ਮਹਿਲੋਂ ਯੇ ਤਖ਼ਤੋਂ ਯੇ ਤਾਜੋਂ ਕੀ ਦੁਨੀਆਂ, ਯੇ ਇਨਸਾਂ ਕੇ ਦੁਸ਼ਮਨ ਸਮਾਜੋਂ ਕੀ ਦੁਨੀਆਂ.....’, ‘ਤੰਗ ਆ ਚੁਕੇ ਹੈਂ ਕਸ਼ਮਕਸ਼ੇ ਜ਼ਿੰਦਗ਼ੀ ਸੇ ਹਮ’, ‘ਸਰ ਜੋ ਤੇਰਾ ਚਕਰਾਏ ਯਾ ਦਿਲ ਡੂਬਾ ਜਾਏ ਆਜਾ ਪਿਆਰੇ ਪਾਸ ਹਮਾਰੇ ਕਾਹੇ ਘਬਰਾਏ’। 1957 ਵਿਚ ਹੀ ਪਰਦਾਪੇਸ਼ ਹੋਈ ਫਿਲਮ ‘ਨਯਾ ਦੌਰ’ ਵਿਚ ਉਸ ਦੇ ਨਗ਼ਮੇ “ਸਾਥੀ ਹਾਥ ਬੜ੍ਹਾਨਾ, ਏਕ ਅਕੇਲਾ ਥਕ ਜਾਏਗਾ ਮਿਲ ਕਰ ਬੋਝ ਉਠਾਨਾ” ਉਸ ਫਿਲਮ ਦੇ ਥੀਮ ਵਿਚ ਬਹੁਤ ਫਿੱਟ ਵੀ ਹੋਇਆ ਤੇ ਬੜਾ ਹਿੱਟ ਹੋਇਆ। ‘ਉੜੇਂ ਜਬ ਜਬ ਜ਼ੁਲਫੇਂ ਤੇਰੀ, ਕੁਵਾਰੀਓਂ ਕਾ ਦਿਲ ਮਚਲੇ’, ‘ਰੇਸ਼ਮੀ ਸਲਵਾਰ ਕੁਰਤਾ ਜਾਲੀ ਕਾ, ਰੂਪ ਸਹਾ ਨਹੀਂ ਜਾਏ ਨਖ਼ਰੇ ਵਾਲੀ ਕਾ’, ਗੀਤਾਂ ਨੇ ਤਹਿਲਕਾ ਮਚਾ ਦਿੱਤਾ। ਇਸ ਫਿਲਮ ਦੇ ਪੰਜਾਬੀ ਮੌਸੀਕਾਰ ਸਨ ਓ.ਪੀ. ਨਈਅਰ।

ਮਕਬੂਲ ਲੇਖਕ ਕੇਵਲ ਧੀਰ ਨੇ ਲੁਧਿਆਣੇ ਵਿਚ ‘ਜਸ਼ਨੇ ਸਾਹਿਰ ਸਾਲਾਨਾ ਮੁਸ਼ਾਇਰਾ’ ਸ਼ੁਰੂ ਕੀਤਾ। 1975 ਵਾਲੇ ਮੁਸ਼ਾਇਰੇ ਵਿਚ ਸਾਹਿਰ ਲੁਧਿਆਣਵੀ ਨੇ ਖ਼ੁਦ ਇਸ ਵਿਚ ਸ਼ਿਰਕਤ ਕੀਤੀ ਸੀ। ਲੇਖਕ ਉਦੋਂ ਡਾਕਟਰੀ ਦੀ ਪੜ੍ਹਾਈ ਐੱਮ.ਬੀ.ਬੀ.ਐੱਸ. ਦੇ ਆਖ਼ਰੀ ਸਾਲ ਵਿਚ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਸੀ। ਸਾਹਿਰ ਦੇ, ਲੁਧਿਆਣੇ ਦੌਰੇ ’ਤੇ ਕਵੀ ਦਰਬਾਰ ਵਿਚ ਸ਼ਿਰਕਤ ਕਰਨ ਦੀਆਂ ਖ਼ਬਰਾਂ, ਅਖ਼ਬਾਰਾਂ ਵਿਚ ਪੜ੍ਹੀਆਂ ਸਨ। ਬਾਕੀ ਸ਼ਾਇਰਾਂ ਦੇ ਨਾਲ-ਨਾਲ ਜਦ ਸਾਹਿਰ ਨੂੰ ਵੀ ਖ਼ਰਚੇ/ਮਿਹਨਤਾਨੇ ਵਜੋਂ ਇਕ ਲਿਫਾਫ਼ੇ ਵਿਚ ਕੁਝ ਰੁਪਏ ਦੇਣ ਦੀ ਕੋਸ਼ਿਸ਼ ਕੀਤੀ ਗਈ, ਤਾਂ ਉਹਨੇ ਲਿਫਾਫ਼ਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, “ਮੈਂ ਪ੍ਰਾਹੁਣਾ ਨਹੀਂ, ਮੇਜ਼ਬਾਨ ਹਾਂ”। ਕਾਲਜ ਦੇ ਆਡੀਟੋਰੀਅਮ ਦਾ ਸਾਹਿਰ ਲੁਧਿਆਣਵੀ ਦੇ ਨਾਂ ’ਤੇ ਰੱਖਿਆ ਗਿਆ।

ਸਾਹਿਰ ਦੀ ਜ਼ਹੀਨ, ਸੰਜੀਦਾ ਤੇ ਉਮਦਾ ਸ਼ਾਇਰੀ ਦਾ ਇਕ ਨਮੂਨਾ ਫਿਲਮ ਗੁਮਰਾਹ ਦੇ ਨਗ਼ਮੇ (ਗੁਲੂਕਾਰ ਮਹਿੰਦਰ ਕਪੂਰ, ਮੌਸਿਕੀ ਰਵੀ) ਦੀਆਂ ਕੁਝ ਸਤਰਾਂ ਤੋ ਲਗਾਇਆ ਜਾ ਸਕਦਾ ਹੈ:

‘ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋਂ,

ਨਾ ਮੈਂ ਤੁਮਸੇ ਕੋਈ ਉਮੀਦ ਰੱਖੂੰ ਦਿਲ ਨਵਾਜ਼ੀ ਕੀ

ਨਾ ਤੁਮ ਮੇਰੀ ਤਰਫ਼ ਦੇਖੋ ਗ਼ਲਤ ਅੰਦਾਜ਼ ਨਜ਼ਰੋਂ ਸੇ,

ਨਾ ਮੇਰੇ ਦਿਲ ਕੀ ਧੜਕਨ ਲੜਖੜਾਏ ਮੇਰੀ ਬਾਤੋਂ ਸੇ,

ਨਾ ਜ਼ਾਹਿਰ ਹੋ ਤੁਮਹਾਰੀ ਕਸ਼ਮਕਸ਼ ਕਾ ਰਾਜ਼ ਨਜ਼ਰੋਂ ਸੇ,

ਚਲੋ ਇਕ ਬਾਰ ਫਿਰ ਸੇ...!

ਕੁੱਲ ਆਲਮ ਦੇ ਉਰਦੂ-ਹਿੰਦੀ ਦੇ ਜਾਣਕਾਰ ਇਹ ਸਮਝਦੇ ਹਨ ਕਿ ਫਿਲਮ ‘ਬਰਸਾਤ ਕੀ ਰਾਤ’ ਦੀ ਸ਼ਾਇਦ ਪਹਿਲੀ ਤੇ ਆਖ਼ਰੀ ਕੱਵਾਲੀ ਹੈ, ਜਿਸ ਦੀ ਗੰਗਾ-ਜਮਨੀ ਤਹਿਜ਼ੀਬ ਵਾਲੀ ਗੀਤਕਾਰੀ ਦਾ ਘੇਰਾ ਬਹੁਤ ਵਸੀਅ ਹੈ। ਇਸਦਾ ਨਗ਼ਮਾ ਨਿਗ਼ਾਰ ਸਾਹਿਰ ਲੁਧਿਆਣਵੀ ਹੈ। ਇਹ ਮੰਨਾ ਡੇਅ, ਆਸ਼ਾ ਭੌਂਸਲੇ, ਮੁਹੰਮਦ ਰਫ਼ੀ, ਸੁਧਾ ਮਲਹੋਤਰਾ, ਐੱਸ.ਡੀ. ਬਾਤਿਸ਼ ਗੁਲੂਕਾਰਾਂ ਨੇ ਗਾਈ ਹੈ ਤੇ ਮੌਸੀਕਾਰ ਹੈ ਰੌਸ਼ਨ।

ਨਾਜ਼ੋ ਅੰਦਾਜ਼ ਸੇ ਕਹਿਤੇ ਹੈਂ ਜੀਨਾ ਹੋਗਾ, ਜ਼ਹਿਰ ਭੀ ਦੇਤੇ ਹੈਂ ਤੋ ਕਹਿਤੇ ਹੈਂ ਕੇ ਪੀਨਾ ਹ ੋ ਗ ਾ , ਜਬ ਮੈਂ ਪੀਤਾ ਹੂੰ ਤੋ ਕਹਿਤੇ ਹੈਂ ਕੇ ਮਰਤਾ ਭੀ ਨਹੀਂ, ਜਬ ਮੈਂ ਮਰਤਾ ਹੂੰ ਤੋ ਕਹਿਤੇ ਹੈਂ ਕਿ ਜੀਨਾ ਹੋਗਾ...!

ਯੇ ਇਸ਼ਕ ਇਸ਼ਕ ਹੈ ਇਸ਼ਕ ਇਸ਼ਕ... ....!

ਕਿਉਂਕਿ ਸਾਹਿਰ ਦੋਹਾਂ ਮੁਲਕਾਂ, ਭਾਰਤ ਤੇ ਪਾਕਿਸਤਾਨ ਦੇ ਸ਼ਹਿਰਾਂ ਵਿਚ ਰਿਹਾ, ਦੋਹਾਂ ਮੁਲਕਾਂ ਦੀਆਂ ਹਕੂਮਤਾਂ ਵੀ ਵੇਖੀਆਂ, ਇਥੋਂ ਦੇ ਬਾਸ਼ਿੰਦਿਆ ਵਿਚ ਵੀ ਵਿਚਰਿਆ ਤੇ ਜੰਗਾਂ ਵੀ ਵੇਖੀਆਂ। ਉਹਦਾ ਮਨ ਬਹੁਤ

ਡਾ. ਮਨਜੀਤ ਸਿੰਘ ਬੱਲ
9872843491
(Punjab Mail USA)



ਤਲਖ਼ ਰਹਿੰਦਾ ਸੀ ਤੇ ਦਿਲ ਦੀ ਆਵਾਜ਼ ਕਲਮ ਦੇ ਜ਼ਰੀਏ ਕਾਗ਼ਜ਼ ’ਤੇ ਇੰਜ ਉਤਾਰੀ:

ਖ਼ੂਨ ਅਪਨਾ ਹੋ ਯਾ ਪਰਾਯਾ ਹੋ, ਨਸਲੇ ਆਦਮ ਕਾ ਖ਼ੂਨ ਹੈ ਆਖ਼ਰ;

ਜੰਗ ਮਗ਼ਰਿਬ ਮੇਂ ਹੋ ਕਿ ਮਸ਼ਰਿਕ ਮੇਂ, ਅਮਨੇ ਆਲਮ ਕਾ ਖ਼ੂਨ ਹੈ ਆਖ਼ਰ।

ਬੰਮ ਘਰ ਪਰ ਗਿਰੇਂ ਕਿ ਸਰਹੱਦ ਪਰ, ਰੂਹੇ ਤਾਮੀਰ ਜ਼ਖ਼ਮ ਖਾਤੀ ਹੈ;

ਖੇਤ ਅਪਨੇ ਜਲੇਂ ਯਾ ਔਰੋਂ ਕੇ, ਜ਼ੀਸਤ ਫ਼ਾਕੋਂ ਸੇ ਤਿਲਮਿਲਾਤੀ ਹੈ।

ਟੈਂਕ ਆਗੇ ਬੜ੍ਹੇ ਕਿ ਪੀਛੇ ਹਟੇਂ, ਕੋਖ ਧਰਤੀ ਕੀ ਬਾਂਝ ਹੋਤੀ ਹੈ।

ਫਤਹਿ ਕਾ ਜਸ਼ਨ ਹੋ ਕਿ ਹਾਰ ਕਾ ਸੋਗ, ਜ਼ਿੰਦਗ਼ੀ ਮੱਈਯਤੋਂ ਪੇ ਰੋਤੀ ਹੈ।

ਇਸ ਲੀਏ ਐ ਸ਼ਰੀਫ਼ ਇਨਸਾਨੋਂ, ਜੰਗ ਟਲਤੀ ਰਹੇ ਤੋ ਬਿਹਤਰ ਹੈ,

ਆਪ ਔਰ ਹਮ ਸਬੀ ਕੇ ਆਂਗਨ ਮੇਂ ਸ਼ਮਾ ਜਲਤੀ ਰਹੇ ਤੋ ਬਿਹਤਰ ਹੈ।

ਲੁਧਿਆਣਵੀ, ਵਾਹਿਦ ਇਕ ਐਸਾ ਨਗ਼ਮਾ ਨਿਗ਼ਾਰ ਸੀ, ਜਿਸਦੇ ਗਾਣੇ, ਕੱਵਾਲੀ ਵਗ਼ੈਰਾ ਦੀ ਰਿਕਾਰਡਿੰਗ ਵੇਲੇ ਕਿਸੇ ਵੀ ਪ੍ਰੋਡਿਊਸਰ ਜਾਂ ਗੁਲੂਕਾਰ ਦੀ ਮਜ਼ਾਲ ਨਹੀਂ ਸੀ ਉਸ ਦੇ ਕਲਾਮ ਦਾ ਇਕ ਵੀ ਜ਼ੇਰ, ਜ਼ਬਰ ਜਾਂ ਲਫ਼ਜ਼ ਇਧਰ-ਉਧਰ ਕਰ ਸਕੇ। ਸ਼ਾਹਿਰ ਦੇ ਮਕਬੂਲ ਨਗ਼ਮੇ: ਠੰਢੀ ਹਵਾਏਂ ਲਹਿਰਾ ਕੇ ਆਏਂ, ਜਾਏਂ ਤੋ ਜਾਏਂ ਕਹਾਂ, ਸਾਥੀ ਹਾਥ ਬੜ੍ਹਾਨਾ ਔਰ, ਆਨਾ ਹੈ ਤੋ ਆ, ਔਰਤ ਨੇ ਜਨਮ ਦੀਆ ਮਰਦੋਂ ਕੋ, ਜਾਨੇ ਵੋ ਕੈਸੇ ਲੋਗ ਥੇ ਜਿਨ ਕੇ, ਜਿਨਹੇਂ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈਂ, ਯੇ ਦੁਨੀਆਂ ਅਗਰ ਮਿਲ ਭੀ ਜਾਏ ਤੋ ਕਿਆ ਹੈ, ਤੂ ਹਿੰਦੂ ਬਨੇਗਾ ਨਾ ਮੁਸਲਮਾਨ ਬਨੇਗਾ, ਜ਼ਿੰਦਗ਼ੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ, ਨਾ ਤੋ ਕਾਰਵਾਂ ਕੀ ਤਲਾਸ਼ ਹੈ ਨਾ ਤੋ ਹਮਸਫਰ ਕੀ ਤਲਾਸ਼ ਹੈ, ਮੈਂ ਜ਼ਿੰਦਗ਼ੀ ਕਾ ਸਾਥ ਨਿਭਾਤਾ ਚਲਾ ਗਯਾ, ਕਭੀ ਖ਼ੁਦ ਪੇ ਕਭੀ ਹਾਲਾਤ ਪੇ ਰੋਨਾ ਅਇਆ, ਅਭੀ ਨਾ ਜਾਓ ਛੌੜ ਕਰ ਕਿ ਦਿਲ ਅਭੀ ਭਰਾ ਨਹੀਂ, ਅੱਲਾਹ ਤੇਰੋ ਨਾਮ ਜੋ ਧਿਆਏ ਸੁਖ ਪਾਏ, ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋਂ, ਮਨ ਰੇ ਤੂ ਕਾਹੇ ਨਾ ਧੀਰ ਧਰੇ, ਸੰਸਾਰ ਸੇ ਭਾਗੇ ਫਿਰਤੇ ਹੋ, ਈਸ਼ਵਰ ਅੱਲਾਹ ਤੇਰੇ ਨਾਮ ਸਬ ਕੋ ਸੰਨਮਤੀ ਦੇ ਭਗਵਾਨ, ਐ ਮੇਰੀ ਜ਼ੋਹਰਾਜ਼ਬੀਂ ਤੁਝੇ ਮਾਲੂਮ ਨਹੀਂ ਤੂ ਅਭੀ ਤਕ ਹੈ ਹਸੀਂ, ਬਾਬੁਲ ਕੀ ਦੁਆਏਂ ਲੇਤੀ ਜਾ, ਨਾ ਤੂ ਜ਼ਮੀਂ ਕੇ ਲਿਏ ਹੈ ਨਾ ਆਸਮਾਂ ਕੇ ਲਿਏ, ਮੇਰੇ ਦਿਲ ਮੇਂ ਆਜ ਕਿਆ ਹੈ (ਦਾਗ਼ 1973) ਮੈਂ ਪਲ ਦੋ ਪਲ ਕਾ ਸ਼ਾਇਰ ਹੂੰ (ਕਭੀ ਕਭੀ 1976)।

**ਕਿਤਾਬਾਂ**: ਖ਼ਵਾਜਾ ਅਹਿਮਦ ਅੱਬਾਸ (ਸ਼ੈਡੋਜ਼ ਸਪੀਕ) ‘ਪਰਛਾਈਆਂ’ (1958), ਗਾਤਾ ਜਾਏ ਬਨਜਾਰਾ (ਫਿਲਮੀ ਗਾਣਿਆਂ ਦਾ ਮਜਮੂਆ) (1992), ਸਾੜੀ (ਸੁੱਚਾ ਸਿੰਘ 1989), ਹਸਨ ਆਰ. (1977) ਦ ਬਿਟਰ ਹਾਰਵੈਸਟ, ਤੇ ਤਲਖ਼ੀਆਂ, ਸਾਹਿਰ ਲੁਧਿਆਣਵੀ ਕੀ ਸ਼ਾਇਰੀ, ਕਲਾਮੇ ਸਾਹਿਰ ਅੰਗ੍ਰੇਜ਼ੀ ਤਰਜਮੇ ਸਮੇਤ ਮਹਮੂਦ ਕੇ.ਟੀ. (2000)

**ਵਿਵਾਦ**: ਸਾਹਿਰ ਲੁਧਿਆਣਵੀ ਨਾਲ ਕੁਝ ਵਿਵਾਦ ਵੀ ਜੁੜੇ ਰਹੇ। ਉਹ ਕਹਿੰਦਾ ਸੀ ਕਿ ਜਿਹੜੀ ਫਿਲਮ ਵਿਚ ਮੇਰੇ ਗੀਤ ਹੋਣ, ਉਹਦੇ ਵਿਚ ਹੋਰ ਕਿਸੇ ਦੇ ਨਹੀਂ, ਸਿਰਫ਼ ਮੇਰੇ ਹੀ ਲਿਰਕਿਸ ਹੋਣ। ਮੇਰੀ ਫੀਸ ਲਤਾ ਮੰਗੇਸ਼ਕਰ ਨਾਲੋਂ ਵੱਧ ਹੋਵੇ, ਭਾਵੇਂ ਇਕ ਰੁਪਿਆ ਹੀ ਜ਼ਿਆਦਾ ਹੋਵੇ, ਇਸ ਕਰਕੇ ਦੋਹਾਂ ਵਿਚ ਗੁੱਸਾ, ਨਾਰਾਜ਼ਗੀ ਵੀ ਹੋ ਗਈ ਸੀ। ਉਹ ਆਪਣੀ ਦੋਸਤ ਸੁਧਾ ਮਲਹੋਤਰਾ ਨੂੰ ਗਾਇਕ ਵਜੋਂ ਪ੍ਰੋਮੋਟ ਕਰਦਾ ਸੀ ।

**ਫਿਲਮ ਫੇਅਰ ਬੈਸਟ ਗੀਤਕਾਰ ਅਚਾਰਡ**: 1958 ਵਿਚ ਸਾਧਨਾ ਫਿਲਮ ਦੇ ਗੀਤ ‘ਔਰਤ ਨੇ ਜਨਮ ਦੀਆ ਮਰਦੋਂ ਕੋ’ ਵਾਸਤੇ ਬੈਸਟ ਲਿਰਿਸਿਸਟ ਵਾਸਤੇ ਨੌਮੀਨੇਸ਼ਨ ਹੋਈ। ਫਿਲਮ ਤਾਜ ਮਹਲ (1964) ਦੇ ਨਗ਼ਮੇ ‘ਜੋ ਵਾਅਦਾ ਕੀਆ ਵੋ ਨਿਭਾਨਾ ਪੜੇਗਾ’ ਵਾਸਤੇ ਫਿਲਮ ਫੇਅਰ ਬੈਸਟ ਬੈਸਟ ਲਿਰਿਸਿਸਟ ਅਵਾਰਡ, 1971 ਵਿਚ ਬੈਸਟ ਲਿਰਿਕਸ ਵਜੋਂ ਪਦਮ ਸ਼੍ਰੀ ਦਾ ਐਵਾਰਡ, ਤੇ ਫਿਲਮ ਕਭੀ ਕਭੀ (1976) ਦੇ ਗਾਣਿਆਂ ਵਾਸਤੇ ਫਿਲਮ ਫੇਅਰ ਬੈਸਟ ਲਿਰਿਸਿਸਟ ਅਵਾਰਡ ।

## ਸਾਹਿਰ ਲੁਧਿਆਣਵੀ ਤੇ ਅੰਮ੍ਰਿਤਾ ਪ੍ਰੀਤਮ ਦਾ ਮੌਨ-ਇਸ਼ਕ

ਉਹ ਦੋਵੇਂ ਪਹਿਲੀ ਵਾਰ 1944 ’ਚ ਗੁਰਬਖ਼ਸ਼ ਸਿੰਘ ਦਵਾਰਾ ਵਸਾਏ ਹੋਏ ਪਿੰਡ ਪ੍ਰੀਤ ਲੜੀ ਵਿਚ ਇਕ ਮੁਸ਼ਾਹਿਰੇ ’ਚ ਮਿਲੇ ਸਨ। ਅੰਮ੍ਰਿਤਾ ਦਿੱਲੀ ਤੋਂ ਤੇ ਸਾਹਿਰ ਲਾਹੌਰ ਤੋਂ ਪੁੱਜਾ ਸੀ। ਉਸ ਵੇਲੇ ਅੰਮ੍ਰਿਤਾ ਸ਼ਾਦੀਸ਼ੁਦਾ ਸੀ। ਇਹ ਇਕ ਬਾਲ ਵਿਆਹ ਸੀ। ਅੰਮ੍ਰਿਤਾ ਇਸ ਤੋਂ ਖ਼ੁਸ਼ ਨਹੀਂ ਸੀ। ਸਾਹਿਰ-ਅੰਮ੍ਰਿਤਾ ਨੇ ਇਹ ਮੁਹਬੱਤ ਕਿਸੇ ਨੂੰ ਜ਼ਾਹਿਰ ਨਾ ਕੀਤੀ। ਉਨ੍ਹਾਂ ਦਰਮਿਆਨ (ਲਾਹੌਰ ਤੇ ਦਿੱਲੀ) ਮੁਹੱਬਤਾਂ ਦੀ ਖ਼ਤੋ ਖ਼ਤਾਬਤ ਚਲਦੀ ਰਹੀ। ਕੁਝ ਵਕਤ ਐਸਾ ਵੀ ਗ਼ੁਜ਼ਰਿਆ, ਜਦ ਦੋਵੇਂ ਲਾਹੌਰ ਵਿਚ ਹੀ ਸਨ। ਦੇਸ਼ ਵੰਡ ਵੇਲੇ ਅੰਮ੍ਰਿਤਾ ਆਪਣੇ ਪ੍ਰੀਤਮ ਨਾਲ ਦਿੱਲੀ ਪੁੱਜ ਗਈ ਤੇ ਬਾਅਦ ਵਿਚ ਸਾਹਿਰ ਬੰਬਈ ਚਲੇ ਗਿਆ। ਸਾਹਿਰ-ਅੰਮ੍ਰਿਤਾ ਦਾ ਰੁਮਾਂਸ ਫਾਸਲਿਆਂ ਤੇ ਖ਼ਤੋ ਖ਼ਤਾਬਤ ਵਾਲਾ ਸੀ। ਸਾਹਿਰ ਪ੍ਰੇਮ ਪੱਤਰ ਤਾਂ ਲਿਖਦਾ ਰਿਹਾ ਪਰ ਉਹ ਫਾਸਲੇ ਖ਼ਤਮ ਨਾ ਕਰ ਸਕਿਆ, ਇਸ ਨੂੰ ਜ਼ਾਹਿਰ ਵੀ ਨਹੀਂ ਸੀ ਕਰਦਾ। ਪਰ ਅੰਮ੍ਰਿਤਾ ਨੇ ਅਪਣੀਆਂ ਲਿਖਤਾਂ ਵਿਚ ਉਸ ਨੂੰ ਮੇਰਾ ਸ਼ਾਇਰ, ਮੇਰਾ ਮਹਿਬੂਬ, ਮੇਰਾ ਖ਼ੁਦਾ, ਮੇਰਾ ਦੇਵਤਾ ਕਹਿ ਕੇ ਸੰਬੋਧਨ ਕੀਤਾ। ਆਪਣੀ ਬਾਇਓਗ੍ਰਾਫੀ “ਰਸੀਦੀ ਟਿਕਟ” ਵਿਚ ਅੰਮ੍ਰਿਤਾ ਨੇ ਸਾਰੇ ਰਾਜ਼ ਖੋਲ੍ਹ ਦਿੱਤੇ। “ਜਦ ਕਦੀ ਅਸੀਂ ਮਿਲਦੇ, ਇਕੱਠੇ ਬੈਠਦੇ ਸਾਂ, ਤਦ ਵੀ ਵਧੇਰੇ ਸਮਾਂ ਸੰਨਾਟਾ ਹੀ ਰਹਿੰਦਾ। ਗੱਲਬਾਤ ਘੱਟ ਹੀ ਹੁੰਦੀ ਸੀ। ਉਹ ਲਗਾਤਾਰ ਸਿਗਰਿਟ ਪੀਂਦਾ ਰਹਿੰਦਾ ਤੇ ਉਹਦੇ ਜਾਣ ਤੋਂ ਬਾਅਦ ਉਹਦੇ ਬੁੱਲ੍ਹਾਂ ਦੇ ਛਾਪੇ ਵਾਲੇ ਸਿਗਰਿਟਾਂ ਦੇ ਟੋਟੇ ‘ਕੱਠੇ ਕਰਕੇ ਮੈਂ ਆਪਣੇ ਬੁੱਲ੍ਹਾਂ ਵਿਚ ਰੱਖ ਕੇ, ਬੁੱਲ੍ਹ ਮੀਚ ਲੈਂਦੀ ਸਾਂ”। ਇਹ ਮੁਹੱਬਤ ਅੰਮ੍ਰਿਤਾ ਦੀ ਸ਼ਾਇਰੀ ਵਿਚ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ। ਕੁਝ ਸਮਾਂ ਪਹਿਲਾਂ ਸਾਹਿਰ-ਅੰਮ੍ਰਿਤਾ ਦੀ ਮੁਹੱਬਤ ਨੂੰ ਉਜਾਗਰ ਕਰਨ ਵਾਸਤੇ ਇਰਫ਼ਾਨ ਖ਼ਾਨ ਤੇ ਪ੍ਰਿਅੰਕਾ ਚੋਪੜਾ ਨੂੰ ਲੈ ਕੇ ਇਕ ਫਿਲਮ ਲੱਗੀ ਸੀ, ਜੋ ਇਰਫਾਨ ਖ਼ਾਨ ਦੀ ਮੌਤ ਹੋਣ ਕਰਕੇ ਸਿਰੇ ਨਾ ਚੜ੍ਹ ਸਕੀ। ਬਾਅਦ ਵਿਚ 2017 ’ਚ ਦੀਪਿਕਾ ਪਾਦੂਕੋਣ ਤੇ ਅਭਿਸ਼ੇਕ ਬੱਚਨ ਨੂੰ ਲੈ ਕੇ, ਸੰਜੈ ਲੀਲਾ ਭੰਸਾਲੀ ਦੁਆਰਾ ਫਿਲਮ ਬਨਾਉਣ ਦੀਆਂ ਵੀ ਖ਼ਬਰਾਂ ਆਈਆਂ ਸਨ। ਅਮਰੀਕਾ ਦੇ ਸੁਰਿੰਦਰ ਦਿਓਲ ਨੇ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਵਾਲੀ ਸਾਹਿਰ ਦੀ ਬਾਇਓਗ੍ਰਾਫੀ ਵਿਚ ਲਿਖਿਆ ਹੈ ਕਿ ਪਾਕਿਸਤਾਨੀ ਸ਼ਾਇਰ ਅਹਿਮਦ ਰਾਹੀ ਨੇ ਠੀਕ ਕਿਹਾ ਸੀ ਕਿ ਸਾਹਿਰ ਨੇ ਪੂਰੀ ਜ਼ਿੰਦਗ਼ੀ ਸਿਰਫ਼ ਇਕ ਹੀ ਪਿਆਰ ਕੀਤਾ, ਉਹ ਪਿਆਰ ਸੀ ਉਹਦੀ ਮਾਂ ਦੇ ਨਾਲ। ਸਾਹਿਰ ਬਾਰੇ ਆਪਣੀ ਕਿਤਾਬ ਵਿਚ ਅਕਸ਼ੈ ਮਨਵਾਣੀ ਨੇ ਲਿਖਿਆ ਹੈ, “ਅੰਮ੍ਰਿਤਾ ਹੀ ਇਕ ਔਰਤ ਸੀ, ਜੋ ਸਾਹਿਰ ਨੂੰ ਆਪਣਾ ‘ਸਿੰਗਲ ਸਟੇਟਸ’ ਛੱਡਣ ਵਾਸਤੇ ਮਨਾ ਸਕਦੀ ਸੀ। ਇਕ ਵਾਰ ਸਾਹਿਰ ਨੇ ਖ਼ੁਦ ਆਪਣੀ ਮਾਂ ਨੂੰ ਕਿਹਾ ਸੀ, ਉਹ ਅੰਮ੍ਰਿਤਾ ਸੀ ਨਾ, ਜੋ ਤੇਰੀ ਨੂੰਹ ਬਣ ਸਕਦੀ ਸੀ। ਅੰਮ੍ਰਿਤਾ ਤੋਂ ਬਾਅਦ ਕਝ ਦੇਰ, ਸ਼ਾਦੀਸ਼ੁਦਾ ਗਾਇਕ ਸੁਧਾ ਮਲਹੋਤਰਾ ਨਾਲ ਵੀ ਉਸਦੀ ਦੋਸਤੀ ਦੇ ਚਰਚੇ ਰਹੇ, ਜਿਹਨੂੰ ਉਹ ਪ੍ਰੋਮੋਟ ਕਰਦਾ ਰਿਹਾ। ਪਰ ਦੋ-ਦੋ ਔਰਤ ਦੋਸਤਾਂ ਦੇ ਬਾਵਜੂਦ ਵੀ ਲੁਧਿਆਣਵੀ ਕਵਾਰਾ ਹੀ ਰਿਹਾ।

‘ਕਲ ਔਰ ਆਏਂਗੇ ਨਗ਼ਮੋਂ ਕੀ ਖਿਲਤੀ ਕਲੀਆਂ ਚੁਨਣੇ ਵਾਲੇ, ਮੁਝ ਸੇ ਬੇਹਤਰ ਕਹਿਨੇ ਵਾਲੇ ਤੁਮ ਸੇ ਬੇਹਤਰ ਸੁਨਣੇ ਵਾਲੇ’। ਜੱਦੋ-ਜਹਿਦ, ਤਲਖ਼ੀਆਂ ਤੇ ਸੰਨਾਟੇ ਨਾਲ ਭਰਿਆ, ਛੇ ਫੁੱਟ ਲੰਮਾ ਇਹ ਜ਼ਹੀਨ ਸ਼ਾਇਰ ਸਿਰਫ਼ 59 ਸਾਲਾਂ ਦੀ ਉਮਰ ਭੋਗ ਕੇ 25 ਅਕਤੂਬਰ 1980 ਨੂੰ ਮੁੰਬਈ ਵਿਚ ਜਾਨ ਲੇਵਾ ਦਿਲ ਦਾ ਦੌਰਾ ਪੈਣ ਕਰਕੇ ਅਚਾਨਕ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ, ਜਿਸ ਦੇ ਨਗ਼ਮੇਂ ਅੱਜ ਵੀ ਰੇਡੀਓ-ਟੈਲੀਵਿਯਨ ਦੇ ਜ਼ਰੀਏ ਸਾਡੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ।



# ਟੁਟਦੇ ਰਿਸ਼ਤਿਆਂ ’ਚ ਉਦਾਸੀਨਤਾ ਦਾ ਦਵੰਦ

-ਬਲਵਿੰਦਰ ਬਾਲਮ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਅੱਜਕੱਲ੍ਹ ਐਡਮਿੰਟਨ-ਕੈਨੇਡਾ
ਵਟਸਐਪ : 98156-25409
(Punjab Mail USA)





ਪਰਸਪਰ ਸਾਰੀ ਸ੍ਰਿਸ਼ਟੀ ਨਰ ਅਤੇ ਮਾਦਾ ਦੇ ਕਲੋਲ ਰਿਸ਼ਤੇ ’ਚੋਂ ਉਪਜਦੀ ਹੈ। ਨਰ ਅਤੇ ਮਾਦਾ ਦੇ ਰਿਸ਼ਤੇ ’ਚੋਂ ਹੀ ਸ੍ਰਿਸ਼ਟੀ ਦੀ ਸਿਰਜਨਾ ਹੁੰਦੀ ਹੈ। ਇਹ ਸੰਜੋਗ ਪ੍ਰਵਿਰਤੀ (84) ਚੌਰਾਸੀ ਲੱਖ ਜੂਨ ਵਿਚ ਸ਼ਾਮਲ ਹੈ। ਪਤੀ-ਪਤਨੀ ਦੇ ਲਿੰਗਨ ਸੰਬੰਧਾਂ ਤੋਂ ਬਾਅਦ ਹੀ ਸਾਰੇ ਰਿਸ਼ਤੇ ਪੀੜ੍ਹੀ-ਦਰ-ਪੀੜ੍ਹੀ ਬਣਦੇ ਚਲੇ ਜਾਂਦੇ ਹਨ।

ਦੰਪਤੀ ਸੰਬੰਧ ਵਿਗੜਣ ਨਾਲ ਘਰ ਦੇ ਬਾਕੀ ਰਿਸ਼ਤਿਆਂ ਉਪਰ ਗਹਿਰਾ ਅਸਰ ਪੈਂਦਾ ਹੈ। ਘਰੇਲੂ ਰਿਸ਼ਤਿਆਂ ਉਪਰ ਹੀ ਨਹੀਂ ਅਲੱਬਤਾ ਨੇੜੇ ਦੇ ਹੋਰ ਰਿਸ਼ਤਿਆਂ ਉਪਰ ਵੀ ਇਸ ਦਾ ਪ੍ਰਭਾਵ ਪੈਂਦਾ ਹੈ।

ਚਾਹਤ ਅਤੇ ਵਿਚਾਰਾਂ ਦਾ ਸੁੱਚਾ ਮੇਲ ਹੀ ਰਿਸ਼ਤੇ ਦੀ ਮੁੱਖ ਬੁਨਿਆਦ ਹੈ। ਜਿੱਥੇ ਚਾਹਤ ਅਤੇ ਵਿਚਾਰਾਂ ਦਾ ਮੇਲ ਨਹੀਂ, ਉਥੇ ਰਿਸਤੇ ਤਿੜਕ ਜਾਂਦੇ ਹਨ। ਜਿੱਥੇ ਸਵਾਰਥ ਦਾ ਦੁਰਉਪਯੋਗ ਹੁੰਦਾ ਹੈ, ਉਥੇ ਹੀ ਰਿਸ਼ਤੇ ਵਿਚ ਤਰੇੜ ਪੈਣੀਂ ਸ਼ੁਰੂ ਹੋ ਜਾਂਦੀ ਹੈ। ਸਵਾਰਥ ਦਾ ਹਮੇਸ਼ਾ ਹੀ ਸਦਉਪਯੋਗ ਹੋਣਾ ਜ਼ਰੂਰੀ ਹੈ। ਸਵਾਰਥ ਤੋਂ ਬਗੈਰ ਮਨੁੱਖ ਜੀ ਨਹੀਂ ਸਕਦਾ। ਸਵਾਰਥ ਉਸਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ।

ਇਕ ਦੂਸਰੇ ਨੂੰ ਸਮਝਣ ਦੀ ਜ਼ਰੂਰਤ ਹੋਣੀ ਚਾਹੀਦੀ ਹੈ। ਇਕ ਦੂਸਰੇ ਉਪਰ ਅਹੁਦੇ (ਪਦ) ਭਾਰੀ ਨਾ ਹੋਣ, ਆਰਥਿਕਤਾ ਭਾਰੀ ਨਾ ਹੋਵੇ।

ਸਰੀਰਕ ਤੌਰ ’ਤੇ ਕਮਜ਼ੋਰੀ ਦੀ ਹੀਣਤਾ ਦਾ ਅਭਾਵ ਵੀ ਸਬੰਧਾਂ ਵਿਚ ਨੀਰਸਤਾ, ਵਖਰੇਵਾਂ ਅਤੇ ਦੂਰੀਆਂ ਦਾ ਕਾਰਨ ਬਣ ਜਾਂਦਾ ਹੈ।

ਕਈ ਵਾਰ ਇੰਝ ਵੀ ਹੋ ਜਾਂਦਾ ਹੈ ਕਿ ਸਾਡੇ ਸਮਾਜ ਵਿਚ ਲੜਕੀ ਨੂੰ ਪੁੱਤਰਾਂ ਦੇ ਬਰਾਬਰ ਦਾ ਦਰਜਾ ਅਜੇ ਵੀ ਨਹੀਂ ਮਿਲ ਰਿਹਾ। ਦੰਪਤੀ ਜੀਵਨ ’ਚ ਲੜਕੀਆਂ ਦਾ ਲਗਾਤਾਰ ਪੈਦਾ ਹੋਣਾ ਵੀ ਕਈ ਸੰਬੰਧਾਂ ਅਤੇ ਕਦਰਾਂ-ਕੀਮਤਾਂ ਵਿਚ ਖਟਾਸ ਅਤੇ ਦੂਰੀ ਉਤਪਨ ਕਰ ਦਿੰਦਾ ਹੈ।

ਵੇਖਿਆ ਜਾਵੇ ਤਾਂ ਜ਼ਿਆਦਾ ਨਸ਼ੇ ਦਾ ਸੇਵਨ ਕਰਨ ਨਾਲ ਲੀਵਰ ਕਈ ਗੁਪਤ ਬਿਮਾਰੀਆਂ ਵਿਚ ਗ੍ਰਸਤ ਹੋ ਜਾਂਦਾ ਹੈ, ਜਿਸ ਨਾਲ ਸਾਰੇ ਸਰੀਰ ਉਪਰ ਧਮਣੀਆਂ-ਸਿਰਾਵਾਂ ਅਤੇ ਮਾਸਪੇਸ਼ੀਆਂ ਦੇ ਨਾਲ ਦਿਮਾਗ਼ੀ ਸੰਤੁਲਨ ਵੀ ਵਿਗੜ ਜਾਂਦਾ ਹੈ। ਮਰਦਾਨਾ ਕਮਜ਼ੋਰੀ ਭਾਰੂ ਹੋ ਜਾਂਦੀ ਹੈ, ਜਿਸ ਨਾਲ ਪਰਸਪਰ ਸੰਬੰਧਾਂ ਵਿਚ ਤਿੜਕਣ, ਟੁਟਣ ਅਤੇ ਬਿਖਰਾਵ ਪੈਦਾ ਹੁੰਦਾ ਚਲਾ ਜਾਂਦਾ ਹੈ, ਜੋ ਨਿੱਘੇ ਸੰਬੰਧਾਂ ਦੇ ਵੀ ਟੁਕੜੇ ਕਰ ਦਿੰਦਾ ਹੈ।

ਰਿਸ਼ਤਿਆਂ ਦੇ ਤਿੜਕਣ ਪਿੱਛੇ ਅਨੇਕਾਂ ਹੀ ਕਾਰਨ ਹਨ ਪਰ ਦੇਸ਼ ਵਿਦੇਸ਼ ਦੇ ਲੋਕਾਂ ਅਤੇ ਅਮੀਰ, ਗ਼ਰੀਬ ਅਤੇ ਹਰ ਵਰਗ ਦੇ ਲੋਕਾਂ ਵਿਚ ਜੇਕਰ ਦੰਪਤੀ ਜੀਵਨ ਵਿਚ ਦੂਸਰਾ ਜਣਾ ਸ਼ਾਮਲ ਹੋ ਜਾਵੇ ਜਾਂ ਸੰਬੰਧਕ ਗੁਪਤ ਰਿਸ਼ਤੇ ਹੋ ਜਾਣ ਤਾਂ ਸੰਬੰਧ ਵਿਗੜਨੇ ਮੁੰਮਕਿਨ ਹੋ ਜਾਂਦੇ ਹਨ।

ਮਨੁੱਖ ਦੀਆਂ ਆਦਤਾਂ ਪਰਿਵਰਤਨਸ਼ੀਲਤਾ ਦੀ ਦਹਿਲੀਜ਼ ਉਪਰ ਪਹਿਰਾ ਦਿੰਦੀਆਂ ਹਨ। ਆਪਸੀ ਆਦਤਾਂ ਦਾ ਟਕਰਾਅ ਵੀ ਦੂਰੀਆਂ ਸਥਾਪਿਤ ਕਰਦਾ ਹੈ। ਇਕ ਦੂਸਰੇ ਦੇ ਧਰਮ ਦੇ ਵਿਪਰੀਤ ਸ਼ਾਦੀ ਕਰਨਾ ਵੀ ਕਈ ਵਾਰੀ ਲੰਬੀ ਜ਼ਿੰਦਗੀ ਨੂੰ ਅੱਧ ਵਿਚਕਾਰੋਂ ਤੋੜ ਦਿੰਦਾ ਹੈ।

ਦੰਪਤੀ ਜੀਵਨ ਵਿਚ ਦੋਸਤਾਂ-ਰਿਸ਼ਤੇਦਾਰਾਂ ਦੀ ਜ਼ਿਆਦਾ ਦਖ਼ਲਅੰਦਾਜ਼ੀ ਵੀ ਨੁਕਸਾਨਦੇਹ ਸਾਬਿਤ ਹੋ ਜਾਂਦੀ ਹੈ। ਦੰਪਤੀ ਜੀਵਨ ਵਿਚ ਇਕ ਜਣੇਂ ਦੀ ਬੇਰੁਜ਼ਗਾਰੀ ਵੀ ਖਲਦੀ ਹੈ। ਦੰਪਤੀ ’ਚੋਂ ਇਕ ਵੀ ਬੇਰੁਜ਼ਗਾਰ ਹੋਵੇ ਤਾਂ ਉਹ ਬਦੋਬਦੀ ਬੋਝ ਬਣ ਕੇ ਰਹਿ ਜਾਂਦਾ ਹੈ। ਜਿਸ ਨਾਲ ‘ਰਿਸ਼ਤਾ-ਸਮਤੋਲ ਨੀਤੀ’ ਤਹਿਤ ਨੁਕਸਾਨ ਉਠਾਉਣਾ ਪੈਂਦਾ ਹੈ। ਰਿਸ਼ਤੇ ਵਿਚ ਕਿਆਸ ਆਰਾਈਆਂ ਦੀ ਟੁੱਟ-ਭੱਜ ਵਖਰੇਵੇਂ ਨੂੰ ਜਨਮ ਦਿੰਦੀ ਹੈ।

ਅਚਾਨਕ ਮੁਕੱਦਮੇਬਾਜ਼ੀ ਦੀ ਹੋਂਦ ਵੀ ਕਈਆਂ ਕਾਰਨਾਂ ਕਰਕੇ ਫਿੱਕ ਪਾ ਪਾ ਦਿੰਦੀ ਹੈ। ਦੰਪਤੀ ’ਚੋਂ ਕਿਸੇ ਵੀ ਇਕ ਉਪਰ ਕਤਲ ਕੇਸ ਜਾਂ ਕੋਈ ਮਾਰੂ ਮੁਕੱਦਮਾ ਪੈ ਜਾਵੇ, ਤਾਂ ਸਹਿਣਸ਼ੀਲਤਾ ਦੀ ਟੁੱਟ-ਭੱਜ ਕਰਕੇ ਵੀ ਜਾਂ ਆਰਥਿਕ ਸੰਪਦਾ ਨੂੰ ਠੇਸ ਪਹੁੰਚਣ ਕਰਕੇ ਵੀ ਰਿਸ਼ਤੇ ਦੂਰੀ ਵਿਚ ਤਬਦੀਲ ਹੋ ਜਾਂਦੇ ਹਨ।

ਦੰਪਤੀ ਜ਼ਿੰਦਗੀ ਵਿਚ ਇਕ ਦੂਸਰੇ ਨੂੰ ਸਮਝਣ ਦੀ ਲੋੜ ਹੈ। ਸਹਿਣਸ਼ੀਲਤਾ, ਬਰਦਾਸ਼ਤ ਕਰਨ ਦਾ ਮਾਦਾ, ਤਾਹਣੇਂ-ਮਿਹਣੇਂ, ਘੁਟਣ, ਸ਼ੱਕ, ਚੁਗਲੀ, ਨਿੰਦਾ ਵੀ ਇਕ ਖ਼ਤਰਨਾਕ ਸ਼ਰਾਪ ਹੈ।

ਵੱਖ-ਵੱਖ ਆਦਤਾਂ ਦੇ ਫੁੱਲਾਂ ਦਾ ਇਕ ਗੁਲਦਸਤਾ ਹੈ ਜ਼ਿੰਦਗੀ। ਇਕ ਦੂਸਰੇ ਦੇ ਸੁਭਾਅ ਵਿਚ ਵਿਚ ਵਿਪਰੀਤ ਹੋ ਕੇ ਵੀ ਪਰਾਏਵਾਚੀ ਬਣਨਾ ਚਾਹੀਦਾ ਹੈ। ਇਕ ਦੂਸਰੇ ਦੀਆਂ ਆਦਤਾਂ ਦੀ ਪਰਖ ਕਰਕੇ ਚੰਗੇ ਆਚਰਣ ਵਿਚ ਢਲਣ ਦੀ ਕੋਸ਼ਿਸ਼ ਦਾ ਨਾਂਅ ਹੀ ਜਿੰਦਗੀ ਹੈ। ਆਦਤਾਂ ਦੀ ਟਹਿਣੀ ਉਪਰ ਪਸੰਦ-ਚਾਹਤ ਦੇ ਖਿੜੇ ਖ਼ੂਬਸੂਰਤ ਗੁਲਾਬ ਨੂੰ ਜਿਸ ਤਰ੍ਹਾਂ ਦਾ ਮੌਸਮ, ਜਲਵਾਯੂ, ਮਾਲੀ, ਵਾਤਾਵਰਣ ਦੀ ਜ਼ਰੂਰਤ ਹੈ। ਜਦੋਂ ਇਹ ਗੁਲਾਬ ਕਿਸੇ ਕੰਮ ਦਾ ਨਹੀਂ ਰਵੇਗਾ, ਤਾਂ ਇਸਦਾ ਨੁਕਸਾਨ ਚੌਗਿਰਦੇ ਨੂੰ, ਮਾਲੀ ਨੂੰ, ਟਹਿਣੀ ਨੂੰ ਹੋਵੇਗਾ।

ਪਰਸਪਰ ਦੋ ਸਬੰਧਾਂ ਨਾਲ ਇਕ ਮਜ਼ਬੂਤ ਰਿਸ਼ਤਾ ਬਣਦਾ ਹੈ। ਰਿਸ਼ਤੇ ਦੀਆਂ ਕਈ ਸ਼ਾਖਾਵਾਂ ਉਤਪਨ ਹੁੰਦੀਆਂ ਹਨ। ਹਰ ਇਕ ਟਹਿਣੀ ਉਪਰ ਲੱਗੇ ਸੁਭਾਅ ਦੇ ਫੁੱਲਾਂ ਦੀ ਆਪਣੀ ਵੱਖਰੀ ਪਹਿਚਾਣ ਅਤੇ ਵੱਖਰੀ ਖ਼ੁਸ਼ਬੂ ਹੁੰਦੀ ਹੈ।

ਦੋ ਦਿਲਾਂ ਦੇ ਮਿਲਣ ਵਿਚ ਪਸੰਦ ਦਾ ਖ਼ਿਆਲ ਜੇ ਨਾ ਰੱਖਿਆ ਜਾਵੇ, ਤਾਂ ਉਹ ਵੀ ਇਕ ਦਵੰਦ ਰੂਪੀ ਸਮੱਸਿਆ ਪੈਦਾ ਹੁੰਦੀ ਹੈ। ਨਾ ਪਸੰਦਦੀਦਾ ਹੀ ਉਦਾਸੀਨਤਾ ਅਤੇ ਨ਼ਫਰਤ ਪੈਦਾ ਕਰਦੀ ਹੈ, ਜਿਸ ਕਰਕੇ ਮਿਲਣ ਦੀ ਲੰਬੀ ਉਮਰ ਨਹੀਂ ਹੁੰਦੀ, ਇਹ ਰੇਤੇ ਦੀ ਦੀਵਾਰ ਜਲਦੀ ਢਹਿ-ਢੇਰੀ ਹੋ ਜਾਂਦੀ ਹੈ।

ਦੰਪਤੀ ਜੀਵਨ ’ਚ ਮਾਪਿਆਂ ਦੀ ਦਲਖ਼ਅੰਦਾਜ਼ੀ ਜ਼ਰੂਰਤ ਤੋ ਜ਼ਿਆਦਾ ਹੋ ਜਾਏ, ਤਾਂ ਜ਼ਿੰਦਗੀ ਇਕ ਸਮੱਸਿਆ ਪੈਦਾ ਹੁੰਦੀ ਹੈ। ਨਾ ਪਸੰਦਦੀਦਾ ਹੀ ਉਦਾਸੀਨਤਾ ਅਤੇ ਨ਼ਫਰਤ ਪੈਦਾ ਕਰਦੀ ਹੈ, ਜਿਸ ਕਰਕੇ ਮਿਲਣ ਦੀ ਲੰਬੀ ਉਮਰ ਨਹੀਂ ਹੁੰਦੀ, ਇਹ ਰੇਤੇ ਦੀ ਦੀਵਾਰ ਜਲਦੀ ਢਹਿ-ਢੇਰੀ ਹੋ ਜਾਂਦੀ ਹੈ।

ਦੰਪਤੀ ਜੀਵਨ ਵਿਚ ਮਾਪਿਆਂ ਦੀ ਦਖ਼ਲਅੰਦਾਜ਼ੀ ਜ਼ਰੂਰਤ ਤੋਂ ਜ਼ਿਆਦਾ ਹੋ ਜਾਏ, ਤਾਂ ਜਿੰਦਗੀ ਇਕ ਤਰਫ਼ਾ ਬੋਝ ਬਣ ਕੇ ਨਰਕ ਦਾ ਰੂਪ ਲੈ ਲੈਂਦੀ ਹੈ। ਦੋਵੇਂ ਪਾਸਿਆਂ ਦੇ ਮਾਪੇ ਜ਼ਿਆਦਾ ਕਿੰਤੂ-ਪ੍ਰੰਤੂ, ਮਨਮਰਜ਼ੀ, ਨਿੱਜੀ ਸੁਭਾਅ ਨੂੰ ਠੋਸਣਾ, ਆਰਥਿਕ ਖਿੱਚੋਤਾਣ, ਇਕ ਤਰਫ਼ਾ ਪਿਆਰ ਦਾ ਇਜ਼ਹਾਰ, ਮੋਬਾਇਲ ਫ਼ੋਨ ਦੋਵਾਂ ਪਾਸਿਆਂ ਤੋਂ ਕੰਨਾਂ ਨਾਲ ਲੱਗੇ ਰਹਿਣੇ, ਖਾਧਾ-ਪੀਤਾ, ਕਾਰਨ ਵਿਧੀ, ਨੁਕਸ-ਤੁਨਕਾਕਸ਼ੀ ਆਦਿ ਕਾਰਨ ਵੀ ਦੰਪਤੀ ਜੀਵਨ ਵਿਚ ਤਰੇੜਾਂ ਆਉਣ ਨੇ।

ਦੋਸਤੋ, ਰਿਸ਼ਤਿਆਂ ਵਿਚ ਨਿੱਘ, ਮੋਹ, ਪਿਆਰ, ਸਤਿਕਾਰ, ਖ਼ੂਬਸੂਰਤੀਆਂ, ਅਤਰੰਗਤਾ, ਅਪਣਾਪਣ, ਮਿੱਠਾ ਬੋਲਚਾਲ, ਹੰਕਾਰ-ਸਵਾਰਥ ਦਾ ਸਦਉਪਯੋਗ, ਸਮਤੋਲ ਦ੍ਰਿਸ਼ਟੀਪਣ, ਸ਼ੁਭਕਾਮਨਾਵਾਂ, ਆਸ਼ੀਰਵਾਦ, ਮੰਨਣ ’ਤੇ ਸਿੱਖਣ ਦੀ ਭਾਵਨਾ ਅਤੇ ਸਭ ਨੂੰ ਆਪਣਾ-ਆਪਣਾ ਕਹਿ ਕੇ ਸਭ ਦਾ ਮਨ ਜਿੱਤ ਲਵੇ ਜ਼ਿੰਦਗੀ ਸਵਰਗ ਦੇ ਸਾਰੇ ਬੂਹੇ ਖੋਲ੍ਹ ਦੇਵੇਗੀ।

ਇਹ ਸਰੀਰ ਕਿਰਾਏ ਉਪਰ ਮਿਲਿਆ ਹੈ। ਇਸ ਵਿਚ ਸਾਹ ਵੀ ਉਧਾਰੇ ਹਨ। ਸਵੇਰੇ ਉਠ ਕੇ ਇਸ ਤਨ ਨੂੰ ਪੁੱਛੋਂ, “ਬੱਲਿਆ ਦਸ, ਕੀ ਖਾਣਾ-ਪੀਣਾ, ਕਿੱਥੇ ਆਣਾ-ਜਾਣਾ ਚਾਹੁੰਦਾ ਏ? ਇਸਨੂੰ ਪਿਆਰ ਕਰੋ, ਚੁੰਮੋ ਚੱਟੋ, ਕਿਉਂਕਿ ਇਹ ਸਰੀਰ ਬਿਗਾਨਾ ਹੈ, ਤੁਹਾਡਾ ਆਪਣਾ ਨਹੀਂ ਹੈ।

# ਬੱਚਿਆਂ ਨੂੰ ਰੱਖੋ ਘਰੇਲੂ ਝਗੜਿਆਂ ਤੋਂ ਦੂਰ

ਹਰਕੀਰਤ ਕੌਰ
97791-18066
(Punjab Mail USA)





ਹਰ ਘਰ ਪਰਿਵਾਰ ਵਿਚ ਕਈ ਤਰ੍ਹਾਂ ਦੇ ਹਾਲਾਤ ਪੈਦਾ ਹੁੰਦੇ ਹਨ। ਜਿੱਥੇ ਪਰਿਵਾਰ ਇੱਕ ਦੂਸਰੇ ਦੇ ਪਿਆਰ, ਸਨੇਹ ਵਿਚ ਭਿੱਜਾ ਮੁੱਹਬਤ ਦੀਆਂ ਬਾਤਾਂ ਪਾਉਂਦਾ ਹੈ, ਖੁਸ਼ੀਆਂ ਮਨਾਉਂਦਾ, ਆਪਣਿਆਂ ਦੇ ਹਾਸਿਆਂ ਵਿਚ ਹੱਸਦਾ, ਉੱਥੇ ਕਈ ਵਾਰ ਨਿੱਕੀ-ਮੋਟੀ ਕਹਾ-ਸੁਣੀ ਹੋਣੀ ਵੀ ਆਮ ਗੱਲ ਹੈ। ਹਰ ਘਰ ਪਰਿਵਾਰ ਦੇ ਆਪਣੇ ਸੌ ਮਸਲੇ ਹੁੰਦੇ ਹਨ, ਜਿਨ੍ਹਾਂ ਨੂੰ ਵਿਚਾਰਦਿਆਂ ਹਰ ਮੈਂਬਰ ਆਪਣੀ-ਆਪਣੀ ਰਾਇ ਦਿੰਦਾ ਹੈ। ਹਰੇਕ ਇਨਸਾਨ ਦਾ ਗੱਲ ਨੂੰ ਸਮਝਣ ਦਾ ਨਜ਼ਰੀਆ ਆਪੋ-ਆਪਣਾ ਹੁੰਦਾ ਹੈ। ਜਦੋਂ ਇਹ ਇੱਕ ਦੂਸਰੇ ਨਾਲ ਮੇਲ ਨਹੀਂ ਖਾਂਦਾ, ਤਾਂ ਅਕਸਰ ਪਰਿਵਾਰਾਂ ਵਿਚ ਝਗੜੇ ਪੈਦਾ ਹੋ ਜਾਂਦੇ ਹਨ। ਜਿਸ ਨਾਲ ਪਰਿਵਾਰਿਕ ਸਥਿਤੀਆਂ ਉਲਝ ਜਾਂਦੀਆਂ ਹਨ ਅਤੇ ਕਈ ਵਾਰ ਰਿਸ਼ਤਿਆਂ ਵਿਚ ਵੀ ਫਿਕ ਪੈ ਜਾਂਦੀ ਹੈ।

ਜ਼ਿਆਦਾਤਰ ਪਰਿਵਾਰਿਕ ਝਗੜਿਆਂ ਦਾ ਮੁੱਖ ਕਾਰਣ ਪਤੀ ਪਤਨੀ, ਮਾਪਿਆਂ ਅਤੇ ਬੱਚਿਆਂ ਦੀ ਆਪਸੀ ਅਸਹਿਮਤੀ ਹੁੰਦੀ ਹੈ। ਨਿੱਕੀਆਂ-ਨਿੱਕੀਆਂ ਗੱਲਾਂ ’ਤੇ ਪਰਿਵਾਰਿਕ ਮੈਂਬਰਾਂ ਦੀ ਅਸਹਿਮਤੀ, ਅਸਹਿਣਸ਼ੀਲਤਾ ਅਤੇ ਹਾਜ਼ਰ ਜਵਾਬੀ ਵੱਡੇ ਝਗੜਿਆਂ ਦਾ ਰੂਪ ਧਾਰਨ ਕਰਦੀ ਹੈ। ਜਿਸਦਾ ਬੁਰਾ ਅਸਰ ਪਰਿਵਾਰ ਦੇ ਹਰੇਕ ਮੈਂਬਰ ਦੀ ਸਰੀਰਕ ਅਤੇ ਮਾਨਸਿਕ ਸਿਹਤ ਉੱਪਰ ਹੁੰਦਾ ਹੈ। ਇਸ ਸਥਿਤੀ ਦਾ ਸਭ ਤੋਂ ਭਿਆਨਕ ਅਸਰ ਬੱਚਿਆਂ ਉੱਪਰ ਹੁੰਦਾ ਹੈ। ਬੱਚਿਆਂ ਦਾ ਪਹਿਲਾ ਸਕੂਲ ਉਨ੍ਹਾਂ ਦਾ ਘਰ ਹੁੰਦਾ ਹੈ, ਪਹਿਲੇ ਗੁਰੂ ਮਾਪੇ ਹੁੰਦੇ ਹਨ। ਬੱਚਿਆਂ ਦੇ ਸ਼ਖਸੀਅਤ ਦੇ ਨਿਰਮਾਣ ਵਿਚ ਮਾਪਿਆਂ ਅਤੇ ਹੋਰ ਪਰਿਵਾਰਿਕ ਮੈਂਬਰਾਂ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਜਿਸ ਤਰ੍ਹਾਂ ਦੇ ਮਾਹੌਲ ਵਿਚ ਬੱਚਾ ਵੱਡਾ ਹੋਵੇਗਾ, ਉਸੇ ਤਰ੍ਹਾਂ ਦੀ ਬੱਚੇ ਦੀ ਸ਼ਖਸੀਅਤ ਉੱਭਰ ਕੇ ਬਾਹਰ ਆਉਂਦੀ ਹੈ। ਇੱਕ ਸਰਵੇਖਣ ਅਨੁਸਾਰ ਜਿਨ੍ਹਾਂ ਬੱਚਿਆਂ ਦੇ ਪਰਿਵਾਰ ਵਿਚ ਉਨ੍ਹਾਂ ਦੀ ਅੱਖਾਂ ਸਾਹਮਣੇ ਹਰ ਵੇਲੇ ਕਲੇਸ਼ ਰਹਿੰਦਾ ਹੈ, ਉਹ ਦੂਸਰੇ ਬੱਚਿਆਂ ਦੇ ਮੁਕਾਬਲੇ ਜਾਂ ਤਾਂ ਵੱਧ ਗੁਸੈਲੇ ਅਤੇ ਆਪੇ ਤੋਂ ਬਾਹਰ ਹੋ ਜਾਣ ਵਾਲੇ ਹੁੰਦੇ ਹਨ ਜਾਂ ਦਿਲ ਦੇ ਬਹੁਤ ਕਮਜ਼ੋਰ, ਸਹਿਮੇ, ਘੱਟ ਆਤਮ ਵਿਸ਼ਵਾਸ ਵਾਲੇ ਅਤੇ ਹਮੇਸ਼ਾ ਨਿਰਾਸ਼ ਰਹਿਣ ਵਾਲੇ ਬਣ ਜਾਂਦੇ ਹਨ।

ਪਹਿਲੀ ਗੱਲ ਕਿ ਪਰਿਵਾਰਕ ਝਗੜੇ ਹੋਣੇ ਹੀ ਨਹੀਂ ਚਾਹੀਦੇ, ਮਾਪਿਆਂ ਨੂੰ ਏਨੇ ਸੂਝਵਾਨ ਹੋਣਾ ਚਾਹੀਦਾ ਹੈ ਕਿ ਉਹ ਹਰ ਗੱਲ ਦਾ ਹੱਲ ਸ਼ਾਂਤੀ ਨਾਲ ਬੈਠ ਕੇ ਇੱਕ ਦੂਸਰੇ ਨਾਲ ਵਿਚਾਰ ਕਰਕੇ ਕੱਢਣ ਦੇ ਯੋਗ ਹੋਣ। ਜੇਕਰ ਅਜਿਹੀ ਸੁਚੱਜੀ ਸੋਚ ਦੇ ਮਾਲਿਕ ਨਹੀਂ ਹਨ, ਤਾਂ ਘੱਟੋ-ਘੱਟ ਇਹ ਯਤਨ ਜ਼ਰੂਰ ਕਰਨ ਕਿ ਆਪਣੇ ਬੱਚਿਆਂ ਦੇ ਸਾਹਮਣੇ ਕਿਸੇ ਵੀ ਤਰ੍ਹਾਂ ਦਾ ਝਗੜਾ, ਬਹਿਸ ਨਾ ਕੀਤੀ ਜਾਵੇ। ਇਨ੍ਹਾਂ ਝਗੜਿਆਂ ਦਾ ਬੱਚੇ ਦੀ ਮਾਨਸਿਕਤਾ ਉੱਪਰ ਬਹੁਤ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਪਰਿਵਾਰਿਕ ਝਗੜਿਆਂ ਦਾ ਇੱਕ ਸਭ ਤੋਂ ਬੁਰਾ ਪ੍ਰਭਾਵ ਇਹ ਹੈ ਕਿ ਬੱਚੇ ਚੁਣੌਤੀਆਂ ਭਰਪੂਰ ਸਥਿਤੀਆਂ ਨੂੰ ਸਮਝਣ ਅਤੇ ਨਜਿੱਠਣ ਪ੍ਰਤੀ ਇੱਕ ਵੱਖਰਾ ਭਰਮ ਪਾਲ ਲੈਂਦੇ ਹਨ। ਉਨ੍ਹਾਂ ਨੂੰ ਇਹ ਲੱਗਣ ਲੱਗਦਾ ਹੈ ਕਿ ਕਿਸੇ ਵੀ ਅਣਸੁਖਾਵੀਂ ਸਥਿਤੀ ਉੱਪਰ ਕਾਬੂ ਕਰਨ ਦਾ ਤਰੀਕਾ ਕੇਵਲ ਝਗੜਾ ਜਾਂ ਬਹਿਸ ਕਰਨਾ ਹੈ। ਇਹ ਪ੍ਰਭਾਵ ਬੱਚਿਆਂ ਦੀ ਚੰਗੀ ਸ਼ਖਸੀਅਤ ਨਿਰਮਾਣ ਵਿਚ ਸਭ ਤੋਂ ਵੱਡਾ ਰੋੜਾ ਬਣ ਜਾਂਦਾ ਹੈ।

ਮਾਪਿਆਂ ਨੂੰ ਚਾਹੀਦਾ ਹੈ ਕਿ ਹਰੇਕ ਮਸਲੇ ਨੂੰ ਬੜੇ ਹੀ ਸੰਜੀਦਾ ਢੰਗ ਨਾਲ ਹੱਲ ਕੀਤਾ ਜਾਵੇ। ਬਹਿਸ ਕਰਨ ਜਾਂ ਕਰੋਧਿਤ ਹੋਣ ਦੀ ਬਜਾਇ ਇੱਕ ਦੂਸਰੇ ਸਾਹਮਣੇ ਆਪਣੇ ਪੱਖ ਰੱਖੇ ਜਾਣ, ਇੱਕ ਦੂਸਰੇ ਦੇ ਵਿਚਾਰਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇ ਅਤੇ ਇੱਕ ਦੂਸਰੇ ਦੀ ਸਹਿਮਤੀ ਨਾਲ ਮਸਲੇ ਨੂੰ ਸੁਲਝਾਇਆ ਜਾਵੇ। ਅਜਿਹਾ ਕਰਨ ਨਾਲ ਇੱਕ ਤਾਂ ਪਰਿਵਾਰਿਕ ਮਾਹੌਲ ਖਰਾਬ ਨਹੀਂ ਹੋਵੇਗਾ, ਦੂਸਰਾ ਬੱਚਿਆਂ ਉੱਪਰ ਕਿਸੇ ਤਰ੍ਹਾਂ ਦਾ ਬੁਰਾ ਪ੍ਰਭਾਵ ਨਹੀਂ ਪਵੇਗਾ ਅਤੇ ਤੀਸਰਾ ਬੱਚੇ ਆਪਣੇ ਮਾਤਾ-ਪਿਤਾ ਦੀ ਸੰਜੀਦਗੀ, ਸਮਝਦਾਰੀ ਨੂੰ ਸਮਝਦੇ ਹੋਏ ਉਨ੍ਹਾਂ ਦਾ ਹੋਰ ਸਤਿਕਾਰ ਕਰਨਗੇ।

ਇਸ ਲਈ ਜੇਕਰ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਆਗਿਆਕਾਰੀ, ਅਨੁਸ਼ਾਸਨ ਪਸੰਦ, ਸਮਝਦਾਰ ਹੋਣ ਤਾਂ ਉਨ੍ਹਾਂ ਨੂੰ ਪਰਿਵਾਰਿਕ ਝਗੜਿਆਂ ਤੋਂ ਹਮੇਸ਼ਾ ਦੂਰ ਰੱਖੋ। ਅਜਿਹਾ ਕਰਨ ਨਾਲ ਤੁਹਾਡੇ ਬੱਚਿਆਂ ਦੀ ਇੱਕ ਚੰਗੀ ਸ਼ਖਸੀਅਤ ਦਾ ਵਿਕਾਸ ਹੋਵੇਗਾ, ਪਰਿਵਾਰਿਕ ਮੈਂਬਰਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਤੰਦਰੁਸਤ ਰਹੇਗੀ ਅਤੇ ਤੁਸੀਂ ਸਾਰੇ ਇੱਕ ਖੁਸ਼ਹਾਲ ਜੀਵਨ ਜੀਅ ਸਕਦੇ ਹੋ।

## ਕੁੜੀਆਂ........

ਜੀਹਨੂੰ ਪੱਥਰ, ਬੋਝ, ਬੇਗਾਨੀਆਂ ਆਖੋ,
ਨਾਂ ਮਾਪਿਆਂ ਦਾ ਚਮਕਾਉਂਦੀਆਂ ਹਾਂ।
ਅਸੀਂ ਬੇਦੀ, ਕਿਰਨ ਤੇ ਕਲਪਨਾ ਬਣ ਕੇ,
ਦੇਸ਼ ਦਾ ਨਾਂ ਚਮਕਾਉਂਦੀਆਂ ਹਾਂ।
ਚੰਬਾ ਹੁਣ ਚਿੜੀਆਂ ਦਾ ਨਹੀਂ,
ਅਸੀਂ ਸ਼ੇਰਨੀਆਂ ਅਖਵਾਉਂਦੀਆਂ ਹਾਂ।

ਭਾਵੇਂ ਖੁਸ਼ ਹੋਵੋਂ ਤੁਸੀਂ ਪੁੱਤ ਹੋਵਣ 'ਤੇ,
ਪਰ ਰੌਣਕਾਂ ਅਸੀਂ ਲਗਾਉਂਦੀਆਂ ਹਾਂ।
ਮਿੱਠੇ ਮੇਵੇ ਜੇ ਚਿੱਟੇ 'ਤੇ ਲੱਗ ਜਾਣ,
ਅਸੀਂ ਧੀਆਂ ਦਰਦ ਵੰਡਾਉਂਦੀਆਂ ਹਾਂ।
ਚੰਬਾ ਹੁਣ ਚਿੜੀਆਂ ਦਾ ਨਹੀਂ,
ਅਸੀਂ ਸ਼ੇਰਨੀਆਂ ਅਖਵਾਉਂਦੀਆਂ ਹਾਂ।

ਪੁੱਤ ਘਰ ਦਾ ਦੀਵਾ ਹੋਣ ਪਰ ਅਸੀਂ ਵੀ,
ਖੁਸ਼ੀਆਂ ਦੇ ਦੀਪ ਜਗਾਉਂਦੀਆਂ ਹਾਂ।
ਅਸੀਂ ਆਈ.ਪੀ.ਐੱਸ., ਅਧਿਆਪਕ ਬਣ ਕੇ ,
ਆਪਣਾ ਨਾਮ ਕਮਾਉਂਦੀਆਂ ਹਾਂ।
ਚੰਬਾ ਹੁਣ ਚਿੜੀਆਂ ਦਾ ਨਹੀਂ,
ਅਸੀਂ ਸ਼ੇਰਨੀਆਂ ਅਖਵਾਉਂਦੀਆਂ ਹਾਂ।

ਜਿਨ੍ਹਾਂ ਪਾਲੀਆਂ ਜੰਮੀਆਂ, ਉਨ੍ਹਾਂ ਮੂੰਹੋਂ ਕਿਓਂ,
ਧਨ ਬੇਗਾਨਾ ਸੁਣਨ ਨੂੰ ਪਾਉਂਦੀਆਂ ਹਾਂ।
ਸਾਡੇ ਦੋ-ਦੋ ਘਰ ਪਰ ਅਪਣਾਇਆ ਕਿਸੇ ਨਾ,
ਅਸੀਂ ਦੋਨਾਂ ਦੀ ਖੈਰ ਮਨਾਉਂਦੀਆਂ ਹਾਂ।
ਏਸੇ ਲਈ ਖਬਰੇ ਚੰਬਾ ਅਜੇ ਵੀ,
ਚਿੜੀਆਂ ਦਾ ਕਹਾਉਂਦੀਆਂ ਹਾਂ।

ਹਰਪ੍ਰੀਤ ਕੌਰ ਭਾਨਰਾ
98763-76232
(Punjab Mail USA)



## ਜ਼ਿੰਦਗੀ ਨਾ' ਪਿਆਰ : ਗਜ਼ਲ

ਚਾਹੇ ਇਸ ਵਿੱਚ ਦੁੱਖਾਂ ਦੀ ਭਰਮਾਰ ਹੈ ,
ਫਿਰ ਵੀ ਸਾਨੂੰ ਜ਼ਿੰਦਗੀ ਨਾ' ਪਿਆਰ ਹੈ।

ਮੌਤ ਹਰ ਇਕ ਵਾਰ ਸਾਥੋਂ ਹਾਰੀ ਹੈ,
ਚਾਹੇ ਇਹ ਸਾਨੂੰ ਮਿਲੀ ਸੌ ਵਾਰ ਹੈ।

ਉਸ ਲਈ ਬੰਦੇ ਦੀ ਕੀਮਤ ਕੌਡੀ ਹੈ,
ਜਿਹੜਾ ਧਨ, ਦੌਲਤ ਨੂੰ ਕਰਦਾ ਪਿਆਰ ਹੈ।


ਇੱਥੇ ਹਰ ਇਕ ਕੰਮ ਹੋਵੇ ਪੈਸੇ ਨਾ',
ਵਧਿਆ ਹੁਣ ਏਨਾ ਭ੍ਰਿਸ਼ਟਾਚਾਰ ਹੈ।

ਦੁਗਣੇ ਭਾਅ 'ਤੇ ਜੱਟ ਦੀ ਵੇਚੇ ਫਸਲ,
ਆੜ੍ਹਤੀ ਨੂੰ ਮਾਇਆ ਦਾ ਹੰਕਾਰ ਹੈ।

ਆਪਣੀ ਮਜ਼ਦੂਰੀ ਹੜੱਪਣ ਵਾਲੇ ਦਾ,
ਕੋਈ ਕਾਮਾ ਕਰਦਾ ਕਦ ਸਤਿਕਾਰ ਹੈ।

ਉਸ ਦੀ ਇਹ ਹਾਲਤ ਸਦਾ ਰਹਿਣੀ ਨਹੀਂ,
ਜਿਹੜਾ ਕਾਮਾ ਇਸ ਵੇਲੇ ਲਾਚਾਰ ਹੈ।

ਮਹਿੰਦਰ ਸਿੰਘ ਮਾਨ,
ਪਿੰਡ ਤੇ ਡਾਕ ਰੱਕੜਾਂ ਢਾਹਾ
ਸ.ਭ.ਸ.ਨਗਰ :
9915803554
(Punjab Mail USA)



## ਨਜ਼ਮ : ਬੁਢਾਪਾ ...

ਖੁੱਲਾ-ਡੁੱਲਾ ਘਰ ਸੀ ਮੇਰਾ, ਘਰ ਦੇ ਵਿਚ ਸਤਿਕਾਰ ਬੜਾ ਸੀ।
ਪੜ੍ਹੇ ਲਿਖੇ ਸੀ ਪੁੱਤਰ ਨੂਹਾਂ, ਆਪੋ ਵਿਚ ਪਿਆਰ ਬੜਾ ਸੀ।
ਇਕ ਚੁੱਲ੍ਹੇ ਤੇ ਰੋਟੀ ਪੱਕਣੀ, ਇਕ ਮੇਜ਼ 'ਤੇ ਬਹਿ ਕੇ ਖਾਣੀ।
ਬੱਚੇ 'ਕੱਠੇ ਹੱਸਣ ਖੇਡਣ, 'ਕੱਠੀ ਇਕ ਥਾਂ ਆਉਣੀ ਜਾਣੀ।
ਪਤਾ ਨਹੀਂ ਕੀ ਸਾਡੇ ਘਰ ਵਿਚ, ਕਿਸ ਲੂਤਰੋ ਲੂਤੀ ਲਾਈ।
ਬੋਲ ਬੁਲਾਰਾ ਨੁਕਤਾ ਚੀਨੀ, ਹੋਵਣ ਲੱਗ ਪਈ ਟੋਕ ਟਕਾਈ।
ਸੁਖੀ ਸਾਂਦੀ ਵਸਦਾ ਵੀ, ਬਣ ਗਿਆ ਇਕ ਦਿਨ ਜੰਗ ਮਦਾਨ।
ਅੰਦਰੋ ਤਾਂ ਖੁਸ਼ ਬੜੇ ਗੁਆਂਡੀ, ਉੱਤੋਂ ਉੱਤੋਂ ਹੋਣ ਹੈਰਾਨ।

ਆਪੋ ਵਿਚ ਨਿਆਣੇ ਲੜ ਪਏ, ਬੱਚਿਆਂ ਪਿੱਛੇ ਬਹੂਆਂ ਲੜੀਆਂ।
ਇਕ ਦੂਜੀ ਦੀਆਂ ਪੁੱਟਣ ਗੁੱਤਾਂ, ਹੱਟਦੀਆਂ ਨਹੀਂ ਸਮਝਾਈਆਂ ਬੜੀਆਂ।
ਪੜ੍ਹੇ ਲਿਖੇ ਹੋਏ ਪੁੱਤਰਾਂ ਨੇ ਵੀ, ਦੋਨਾਂ ਸਾਥ ਬਹੂਆਂ ਦਾ ਦਿੱਤਾ।
ਮੇਰੇ ਰੌਲਾ ਪਾਉਂਦੇ ਪਾਉਂਦੇ, ਉਹ ਵੀ ਹੋ ਗਏ ਗੁਥਮ ਗੁਥਾ।
ਲੱਸੀ ਵਾਂਗੋ ਵੱਧਦੀ ਵੱਧਦੀ, ਏਨੀ ਲੰਬੀ ਹੋਈ ਲੜਾਈ।
ਚਾਚੇ ਤਾਏ 'ਕੱਠੇ ਕਰਕੇ, ਕਰ ਲਈ ਘਰ ਦੀ ਵੰਡ ਵੰਡਾਈ।
ਘਰ ਦੇ ਕਮਰੇ ਮੰਜਾ ਪੀੜ੍ਹੀ, ਗਹਿਣਾ ਗੱਟਾ ਆਟਾ ਦਾਣਾ।
ਖੇਤ ਬਰੋਟੇ ਆਡਾਂ ਬੱਨੇ, ਵੰਡ ਲਿਆ ਸਭ ਘਰ ਦਾ ਲਾਣਾ।
ਰੀਝਾਂ ਨਾਲ ਬਣਾਇਆ ਸੀ ਘਰ, ਉਸ ਵਿਚ ਪੁੱਤਰਾਂ ਕਰ ਲਈ ਕੰਧ।
ਦੋ ਮੁਲਕਾਂ ਦੀ ਸਰਹੱਦ ਬਣ ਗਈ, ਬੋਲਣ ਚੱਲਣ ਹੋ ਗਿਆ ਬੰਦ।
ਬੁੜ੍ਹੇ ਬੁੜ੍ਹੀ ਨੂੰ ਵੰਡਣ ਵੇਲੇ, ਘਰ ਦੇ ਵਿਚ ਮੱਚਿਆ ਘਸਮਾਣ।
ਬਾਲ਼ੀ ਦੇਖ ਬੁੜੀ ਦੇ ਕੰਨੀ, ਦੋਨੂੰ ਉਸ ਨੂੰ ਖਿਚੀ ਜਾਣ।

ਕਹਿਣ ਬੁੜ੍ਹੇ ਦਾ ਖਰਚ ਬੜਾ ਹੈ, ਇਹਦੀ ਜ਼ਹਿਮਤ ਕੌਣ ਉਠਾਊ।
ਸ਼ਾਮ ਵੇਲੇ ਇਸ ਦਾ ਢਿੱਡ ਦੁਖਣਾ, ਇਸ ਨੂੰ ਦਾਰੂ ਕੌਣ ਪਲਾਊ।
ਗੁਣੇ ਸੁੱਟ ਕੇ ਪੰਚਾਂ ਨੇ ਫਿਰ, ਇਹ ਝਗੜਾ ਏਦਾਂ ਨਿਪਟਾਇਆ।
ਬੁੜ੍ਹੀ ਆ ਗਈ ਵੱਡੇ ਦੇ ਹਿੱਸੇ, ਮੈਂ ਹਿੱਸੇ ਛੋਟੇ ਦੇ ਆਇਆ।
ਸਾਰੀ ਉਮਰ ਰਹੇ ਸਾਂ 'ਕੱਠੇ, ਪੁੱਤਰਾਂ ਕਰ ਤੇ 'ਕੱਲੇ 'ਕੱਲੇ।
ਬੁੜ੍ਹੀ ਪਤਾ ਨਹੀਂ ਕਿੱਥੇ ਸੁੱਟੀ, ਮੇਰੀ ਮੰਜੀ ਪੌੜੀਆਂ ਥੱਲੇ।

ਪੈੜ ਕਰਨ ਲਈ ਛੱਡ ਲਿਆ ਖੁੱਡਾ, ਰਾਜਾਂ ਨੇ ਜਦ ਕੰਧ ਬਣਾਈ।
ਬੰਦ ਕਰਨ ਦਾ ਭੁੱਲ ਗਿਆ ਚੇਤਾ, ਤੁਰ ਗਏ ਕਰਕੇ ਸਾਫ ਸਫਾਈ।
ਨੂੰਹਾਂ ਪੁੱਤਰ ਡੀਟੀ ਉਤੇ, ਬੱਚੇ ਜਦੋਂ ਸਕੂਲੇ ਜਾਣ।
ਬੁੜੀ ਉਧਰ ਇਧਰ ਮੈਂ 'ਕੱਲਾ, ਘਰ ਵਿਚ ਛਾਏ ਸੁੰਨ ਮਸਾਨ।
ਅਪਣੇ ਘਰ ਵਿਚ ਕੈਦੀ ਬਣ ਗਏ, ਗਿਣਦੇ ਸਾਂ ਰਹਿੰਦੇ ਸਾਹ ਬਾਕੀ।
ਐਪਰ ਸਾਡੀ ਮੁਲਾਕਾਤ ਲਈ, ਕੰਧ ਦਾ ਖੁੱਡਾ ਬਣ ਗਿਆ ਤਾਕੀ।
ਘਿਸੜ ਘਸੜ ਕੇ ਦੋਨਾਂ ਨੇ ਹੀ, ਉਸ ਖੁੱਡੇ ਦੇ ਕੋਲ ਆ ਬਹਿਣਾ।
ਜੱਗ ਤੋਂ ਚੋਰੀ ਇਕ ਦੂਜੇ ਨੂੰ, ਦੁੱਖ ਸੁੱਖ ਪੁਛਣਾ ਅਪਣਾ ਕਹਿਣਾ।
ਮੇਰਾ ਪੋਤਾ ਬਿੰਦਰ ਇਕ ਦਿਨ, ਮਾਂ ਤੋ ਚੋਰੀ ਦੇ ਗਿਆ ਕੇਲਾ।
ਕੀ ਪਤਾ ਸੀ ਇਕ ਕੇਲਾ ਹੀ, ਘਰ ਵਿਚ ਪਾਉ ਹੋਰ ਝਮੇਲਾ।
ਧੁੱਪ ਚੜ੍ਹੀ ਮੈਂ ਝੁਲਿਓਂ ਨਿਕਲ ਕੇ, ਰੁੜ ਖੁੜ ਆਇਆ ਖੁੱਡੇ ਕੋਲ।
ਚਾਅ ਨਾਲ ਮਾਰੀ ਵਾਜ ਬੁੜ੍ਹੀ ਨੂੰ, ਬੋਲ ਬੋਲ ਕੇ ਮਿਠੜੇ ਬੋਲ।
ਮੈਂ ਕਿਹਾ ਬੁੜ੍ਹੀਏ ਛੇਤੀ ਆ ਜਾ, ਮੌਸਮ ਨੂੰ ਰੰਗੀਨ ਬਣਾਈਏ।
ਨਾਲੇ ਬਹਿ ਕੇ ਦੁੱਖ ਸੁੱਖ ਕਰੀਏ, ਅੱਧਾ ਅੱਧਾ ਕੇਲਾ ਖਾਈਏ ।
ਮੇਰੇ ਕਹੇ ਤੇ ਖੁੱਡੇ ਵਿਚ ਦੀ, ਜਦੋ ਬੁੜ੍ਹੀ ਨੇ ਹੱਥ ਵਧਾਇਆ।
ਲਾਹ ਕੇ ਛਿਲ ਤੇ ਅੱਧਾ ਕੇਲਾ, ਬੁੜ੍ਹੀ ਦੇ ਹੱਥ ਤੇ ਜਦੋਂ ਟਿਕਾਇਆ।
ਬਿਨ ਕਰਮਾਂ ਖਾਣਾ ਸੀ ਕਿੱਦਾਂ, ਬੁੜ੍ਹੇ ਬੁੜ੍ਹੀ ਦੀ ਕਿਸਮਤ ਫੁੱਟੀ।
ਕੀ ਪਤਾ ਸੀ ਸਾਨੂੰ ਕਿ ਅੱਜ, ਹੋਉ ਸਕੂਲੋਂ ਅੱਧੀ ਛੁੱਟੀ ।
ਦੋਨੋ ਨੌਂਹਾਂ ਟੀਚਰ ਲੱਗੀਆਂ, ਦੋਨੋ ਇਕ ਸਕੂਲੇ ਜਾਣ।
ਇਕੋ ਬੱਸ ਵਿਚ ਆਣ ਜਾਣ ਸੀ, ਭਾਵੇ ਨਹੀਂ ਸੀ ਕੂਨਣ ਕਾਣ।
ਇਕ ਦਮ ਦੋਨੋ ਬੂਹੇ ਖੁੱਲ੍ਹ ਗਏ, ਬੂੜ੍ਹੀ ਬੁੜ੍ਹੇ ਤੇ ਪੈ ਗਿਆ ਛਾਪਾ।
ਹੱਥ ਦੇ ਵਿਚ ਹੀ ਰਹਿ ਗਿਆ ਕੇਲਾ, ਉੱਤੋ ਲੱਗ ਪਿਆ ਹੋਣ ਸਿਆਪਾ।
ਬੁੜ੍ਹੀ ਦੇ ਹੱਥ ਵਿਚ ਦੇਖ ਕੇ ਕੇਲਾ, ਵੱਡੀ ਬਹੂ ਨੂੰ ਗੁੱਸਾ ਆਇਆ।
ਉਹਦੇ ਹੱਥੋ ਖੋਹ ਕੇ ਇਕ ਦਮ, ਉਸ ਦੇ ਤਾਲੂ ਵਿਚ ਘਸਾਇਆ।
ਕਹਿਣ ਲੱਗੀ ਨੀ ਫਫਾ ਕੁਟਣੀਏ, ਸਾਡੀ ਪਤ ਨਹੀਂ ਰੱਖੀ ਜਾਂਦੀ।
ਫੜ ਲਈ ਨਾ ਅੱਜ ਧੱਗੜੇ ਦੇ ਨਾਲ, ਨਵੇਂ ਸਾਲ ਦੇ ਜਸ਼ਨ ਮਨਾਂਦੀ।
ਛੋਟੀ ਨੇ ਵੀ ਘੱਟ ਨਾ ਕੀਤੀ, ਮੈਨੂੰ ਸੋ ਸੋ ਬੋਲ ਸੁਣਾਇਆ।
ਮੇਰਾ ਹੱਥੋਂ ਖੋਹ ਕੇ ਕੇਲਾ, ਬਾਹਰ ਨਾਲੀ ਦੇ ਵਿਚ ਵਗਾਇਆ।
ਕਹਿੰਦੀ ਮਾਸਟਰ ਗੁੱਸੇ ਹੁੰਦਾ, ਜਦ ਮੈਂ ਨਵਾਂ ਲਿਆਵਾਂ ਸੂਟ।
ਪੁਛਦੀ ਹਾਂ ਅੱਜ ਉਸ ਤਾਂਈ ਵੀ, ਕਿਥੋਂ ਖਾਂਦਾ ਪਿਓ ਫਰੂਟ।
ਸਾਡੇ ਘਰ ਵਿਚ ਇਕ ਨਾਰਦ ਨੇ, ਦੇਖੋ ਕਿਵੇਂ ਚੜ੍ਹਾਇਆ ਚੰਦ।
ਸਾਡੀ ਮੁਲਾਕਾਤ ਦਾ ਖੁੱਡਾ, ਉਸੇ ਵੇਲੇ ਹੋ ਗਿਆ ਬੰਦ।

ਤੇਰੇ ਅੱਗੇ ਮੇਰਿਆ ਰੱਬਾ, ਕਰਦਾ ਹੈ 'ਦਰਦੀ' ਅਰਜੋਈ।
ਚਲਦੇ ਫਿਰਦਿਆਂ ਤਾਂਈ ਚੁੱਕ ਲਈਂ, ਐਥੇ ਤੱਕ ਨਾ ਜਾਵੇ ਕੋਈ।

-ਸਤਨਾਮ ਸਿੰਘ ਦਰਦੀ ਚਾਨੀਆਂ,
ਜਲੰਧਰ
92569-73526
(Punjab Mail USA)



## ਆਪੇ ਨਾਲ਼ ਸੰਵਾਦ

ਰੱਖ ਹਿਰਦਾ ਵਿਸ਼ਾਲ ਐਨਾ ਕੁ,
ਵੈਰੀ ਮਿੱਤਰ ਸਮ ਨਜ਼ਰੀਂ ਆਵੇ,
ਪਿਆਰ ਦੀ ਗੰਗਾ ਵਗੇ ਚੁਫ਼ੇਰੇ,
ਨਹੀਂ ਅੱਗ ਨਫ਼ਰਤ ਦੀ ਸਤਾਵੇ।

ਵਾਂਗ ਪਾਰਸ ਜੇ ਲੋਹੇ ਨੂੰ ਛੋਹਵੇਂ,
ਕੰਗਣ ਸੋਨੇ ਦਾ ਝੱਟ ਬਣ ਜਾਵੇਂ,
ਹਾਰ ਗਲ਼ੇ ਦਾ ਬਣੇਂ ਲੋੜਵੰਦ ਦੇ,
ਜੱਗ ਦੇ ਦੁੱਖੜੇ ਬੱਸ ਹਰ ਜਾਵੇਂ।

ਕਰ ਚਤੁਰਾਈਆਂ ਕੀ ਖੱਟੇਂਗਾ,
ਸਰਗੁਣ ਤੋਂ ਨਿਰਗੁਣ ਬਣ ਜਾਵੇਂ,
ਬ੍ਰਹਮ ਕਣ ਤੋਂ ਸ੍ਰਿਸ਼ਟੀ ਉਪਜੇ,
ਚਾਨਣ ਹੋ ਕੇ ਕਾਲਖ਼ ਬਣ ਜਾਵੇਂ।

ਕਰ ਗੁਨਾਹ ਭਾਰੀ ਪੰਡ ਚੁੱਕੀ,
ਤੂੰ ਫ਼ੋਕੀ ਹਉਮੈਂ ਵਿੱਚ ਤਣ ਜਾਵੇਂ,
ਭੁੱਲ ਕੇ ਮੂਲ ਵੱਖ ਹੋਏ ਖੁਦਾਇ,'
ਜਨਮ ਜਨਮ ਦੀ ਭਟਕਣ ਪਾਵੇਂ।

ਜੋ ਆਇਆ ਸੋ ਜਾਣਾ ਸੱਚ ਹੈ,
ਫਿਰ ਕਿਉਂ ਭਰਮ ਭੁਲਾਈ ਜਾਵੇਂ,
ਬਿਨਸ ਜਾਣਾ ਮਿੱਟੀ ਦਾ ਬਾਵਾ,
ਚਿੱਤ ਜੀਹਦੇ ਨਾਲ਼ ਲਾਈ ਜਾਵੇਂ।

ਫਿਰ ਵੀ :
ਰਹਿਬਰ ਦੀ ਥਾਂ ਰਾਹਜਨਾਂ ਦਾ,
ਭਲਾ ਕਿਉਂ ਸਾਥ ਨਿਭਾਈ ਜਾਵੇਂ,
ਬੇਕਸਾਂ ਦੀ ਮਜ਼ਬੂਰੀ ਦੀ ਸੱਜਣਾ,
ਦੱਸ ਕਿਉਂ ਖਿੱਲੀ ਉਡਾਈ ਜਾਵੇਂ ?

ਸਦਾ ਜਾਗਦੀ ਰੱਖ ਜ਼ਮੀਰ ਤਾਈਂ,
ਅਣਖ ਨਾਲ਼ ਛਾਤੀ ਤਣਿਆ ਕਰ,
ਹਮੇਸ਼ਾਂ ਟਿਕਾ ਕੇ ਪੈਰ ਜ਼ਮੀਨ ਉੱਤੇ,
ਸਰ ਮੰਜ਼ਿਲ ਉੱਤਲੀ ਕਰਿਆ ਕਰ !

ਸੇਵਾ ਸਿੰਘ "ਨੂਰਪੁਰੀ"
(Punjab Mail USA)



## ਅਮਰ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ

ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।
ਅਰਪਨ ਕਰ ਗਿਆ ਸੋਹਣੀ
ਸ਼ੈਲ ਜਵਾਨੀ ਭਾਰਤ ਨੂੰ।

ਵਤਨ ਅਸਾਂ ਦਾ ਜਦੋਂ ਗੁਲਾਮ
ਸੀ ਕੀਤਾ ਗੋਰਿਆਂ ਨੇ,
ਬੇ-ਦੋਸ਼ਿਆਂ ਦਾ ਖ਼ੂਨ ਹਮੇਸ਼ਾਂ
ਪੀਤਾ ਗੋਰਿਆਂ ਨੇ,
ਲੋੜੀਂਦਾ ਸੀ ਤੇਰੇ ਜਿਹਾ
ਸੰਗਰਾਮੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਅਸੈਂਬਲੀ ਦੇ ਵਿਚ ਬੰਬ ਸੁੱਟ
ਅੰਗਰੇਜ਼ ਜਗਾਏ ਸੀ,
ਇਨਕਲਾਬ ਤੇ ਜ਼ਿੰਦਾਬਾਦ
ਦੇ ਨਾਹਰੇ ਲਾਏ ਸੀ,
ਫੜਕੇ ਹੱਥ ਤਿਰੰਗਾ ਦਿੱਤੀ
ਸਲਾਮੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਮਾਰ ਗੋਲੀਆਂ ਸ਼ਾਂਡਰਸ ਨੂੰ
ਗੱਡੀ ਚਾੜ ਗਿਆ,
ਲੰਡਨ ਦੇ ਵਿਚ ਬੈਠੀਆਂ ਮੇਮਾਂ
ਦੇ ਦਿਲ ਪਾੜ ਗਿਆ,
ਲੱਭਣਾ ਨਹੀ ਮੁੜ ਤੇਰੇ ਜਿਹਾ
ਬਲੀਦਾਨੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਰਾਜਗੁਰੂ, ਸੁਖਦੇਵ ਨਾਲ ਹੱਸ
ਫ਼ਾਂਸੀ ਚੜ੍ਹ ਗਿਆ ਏਂ,
ਅਮਰ ਸ਼ਹੀਦਾਂ ਵਾਲੀ ਸਦਾ
ਕਤਾਰ 'ਚ ਖੜ੍ਹ ਗਿਆ ਏਂ,
ਹੋਣ ਦਿੱਤੀ "ਮਲਕੀਤ" ਕਦੇ
ਨਾ ਹਾਨੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ: 94174-90943
79865-28225
(Punjab Mail USA)



## ਦੁਰਕਾਰੀ ਹੋਈ ਮਾਂ

ਮੇਰੀ ਮਮਤਾ ਦੀ ਬਣਦੀ ਕੀਮਤ, ਹੋ ਸਕੇ
ਤਾਂ ਚੁਕਾ ਦੇਈਂ ਪੁੱਤਰਾ।
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ, ਸੁਚੀ
ਦਿਲੋਂ ਭੁਲਾ ਦੇਈਂ ਪੁੱਤਰਾ।

ਔਰਤ ਤੋਂ ਮਮਤਾ ਦਾ ਪੈਂਡਾ, ਕਿੰਨਾ ਟੇਢਾ
'ਤੇ ਕਿੰਨਾ ਮੇਢਾ,
ਝੱਲਣਾ ਪੈਂਦਾ ਕਈ ਕਿਸਮ ਦਾ, ਹਰ ਇੱਕ
ਧੱਕਾ ਹਰ ਇੱਕ ਠੇਡਾ।
ਕਿੰਨੇ ਮਿਹਣੇ ਤਾਹਨੇ ਝੱਲੇ, ਮੈਥੋਂ ਕਦੀ
ਗਿਣਵਾ ਲਈਂ ਪੁੱਤਰਾ।
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ, ਸੁਚੀ
ਦਿਲੋਂ ਭੁਲਾ ਦੇਈਂ ਪੁੱਤਰਾ।
ਮੇਰੀ ਮਮਤਾ ਦੀ ਬਣਦੀ ਕੀਮਤ, ਹੋ ਸਕੇ
ਤਾਂ ਚੁਕਾ ਦੇਈਂ ਪੁੱਤਰਾ।

ਤੇਰੇ ਘਰ ਵੀ ਇਹੀ ਸਾਕਾ, ਮੁੜ ਕੇ ਫੇਰ ਜੇ
ਵਾਪਰਨ ਲੱਗੇ,
ਦੁੱਖ ਤੈਨੂੰ ਜੇ ਲੱਗੇ ਡਾਢਾ, ਵਿਰਲਾਪ ਦਾ
ਹੌਕਾ ਆਵਣ ਲੱਗੇ।
ਜਦੋਂ ਤੂੰ ਵੀ ਮੇਰੀ ਤਰ੍ਹਾਂ ਰੁਲ਼ਿਆ, ਪਛਤਾਵੇ
ਨੂੰ ਗਲ਼ ਲਾ ਲਈਂ ਪੁੱਤਰਾ,
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ, ਸੁਚੀ
ਦਿਲੋਂ ਭੁਲਾ ਦੇਈਂ ਪੁੱਤਰਾ,
ਮੇਰੀ ਮਮਤਾ ਦੀ ਬਣਦੀ ਕੀਮਤ, ਹੋ ਸਕੇ
ਤਾਂ ਚੁਕਾ ਦੇਈਂ ਪੁੱਤਰਾ।

ਕਦੀ ਦਾਦੇ ਤੇ ਕਦੀ ਪੋਤੇ ਦੀਆਂ, ਹੁੰਦੀਆਂ
ਆਈਆਂ ਇਸ ਦੁਨੀਆਂ 'ਤੇ,
ਤੇਰੇ ਪੁੱਤਰ ਤੇਰੀ ਸੁਆਣੀ ਨੂੰ, ਜਦ ਸੁੱਟਣ
ਆਏ ਇਸੇ ਹੀ ਦਰ 'ਤੇ।
ਆਸ਼ਰਮ ਦੀ ਇਸ ਧਰਤੀ ਨੂੰ, ਹੋ ਸਕੇ ਤਾਂ
ਸੀਸ ਝੁਕਾ ਲਈਂ ਪੁੱਤਰਾ,
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ, ਸੁਚੀ
ਦਿਲੋਂ ਭੁਲਾ ਦੇਈਂ ਪੁੱਤਰਾ,

ਮੇਰੀ ਮਮਤਾ ਦੀ ਬਣਦੀ ਕੀਮਤ, ਹੋ ਸਕੇ
ਤਾਂ ਚੁਕਾ ਦੇਈਂ ਪੁੱਤਰਾ।
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ, ਸੁਚੀ
ਦਿਲੋਂ ਭੁਲਾ ਦੇਈਂ ਪੁੱਤਰਾ।

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.
ਟੈਲੀਫੋਨ: 07748772308
(Punjab Mail USA)



# REALTY ONE GROUP

## FOR SALE & PURCHASE OF ANY KIND OF PROPERTY

## *Recently Sold Properties*






**Gurjatinder S. Randhawa**
REALTOR CA DRE licence # 01490567

## *New Listings*




## Gurjatinder S. Randhawa

web: www.RealtorRandhawa.com

**916-320-9444**

garysingh123@yahoo.com